ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਸ਼ੁਕੱਰਵਾਰ, ਮਿਤੀ 26 ਦਸੰਬਰ, 2014 ਨੂੰ ਸਵੇਰੇ 11.30 ਵਜੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।**

**ਹਾਜ਼ਰ:**

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ
2. ਡਾ. ਪਰਮਜੀਤ ਸਿੰਘ,
   ਡੀਨ, ਅਕਾਦਮਿਕ ਮਾਮਲੇ
3. ਡਾ. ਐਚ.ਐਸ. ਭਾਟੀਆ,
   ਡੀਨ, ਲੈਂਗੁਏਜ਼ਿਜ਼ ਫੈਕਲਟੀ।
4. ਡਾ. ਏ.ਜੇ.ਐਸ. ਭੰਵਰ,
   ਡੀਨ, ਲਾਈਫ ਸਾਇੰਸਜ਼ ਫੈਕਲਟੀ।
5. ਡਾ. ਸੁਖਦੇਵ ਸਿੰਘ,
   ਡੀਨ, ਐਗਰੀਕਲਚਰ ਤੇ ਫੋਰੈਸਟਰੀ ਫੈਕਲਟੀ।
6. ਡਾ. ਕਮਲੇਸ਼ ਸਿੰਘ ਦੁੱਗਲ,
   ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਭਾਗ।
7. ਡਾ. ਅੰਮ੍ਰਿਤਪਾਲ ਕੌਰ,
   ਪ੍ਰੋਫੈਸਰ ਅਤੇ ਮੁਖੀ, ਲਾਇਬ੍ਰੇਰੀ ਤੇ ਇਨਫਰਮੇਸ਼ਨ ਸਾਇੰਸ ਵਿਭਾਗ।
8. ਸ਼੍ਰੀ ਆਸਾ ਰਾਮ,
   ਪ੍ਰਿੰਸੀਪਲ, ਸਰਕਾਰੀ ਕਾਲਜ, ਭੁਲੱਥ।
9. ਡਾ. (ਮਿਸਿਜ਼) ਰੁਪਿੰਦਰਜੀਤ ਕੌਰ ਗਰੇਵਾਲ,
   ਪ੍ਰਿੰਸੀਪਲ, ਜੀ.ਐਨ.ਬੀ.ਐਲ. ਰਾਮਗੜ੍ਹੀਆ ਕਾਲਜ ਫਾਰ ਵੂਮੈਨ, ਫਗਵਾੜ੍ਹਾ।
10. ਡਾ. ਸੁਚਾਰਿਤਾ ਸ਼ਰਮਾ,
    ਪ੍ਰਿੰਸੀਪਲ, ਏ.ਪੀ.ਜੇ. ਕਾਲਜ ਆਫ ਫਾਈਨ ਆਰਟਸ, ਜਲੰਧਰ।
11. ਡਾ. ਚਰਨਜੀਤ ਸਿੰਘ ਬੱਲ, ਅੰਮ੍ਰਿਤਸਰ।
12. ਡਾ. ਡੀ.ਐਨ. ਜੌਹਰ, ਚੰਡੀਗੜ੍ਹ।
13. ਸ. ਜਗਦੀਸ਼ ਸਿੰਘ, ਅੰਮ੍ਰਿਤਸਰ।
14. ਡਾ. ਸ਼ਰਨਜੀਤ ਸਿੰਘ ਢਿੱਲੋਂ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ- ਡਾ. ਸੁਖਦੇਵ ਸਿੰਘ ਖਾਹਰਾ ਅਤੇ ਸ਼੍ਰੀਮਤੀ ਨਿਰਮਲਜੀਤ ਕੌਰ ਗਰੇਵਾਲ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਕੀਤੇ ਕੰਮ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਸਿੰਡੀਕੇਟ ਉੱਤੇ ਡਾ. ਅੰਮ੍ਰਿਤਪਾਲ ਕੌਰ ਅਤੇ ਡਾ. ਸੁਚਾਰਿਤਾ ਸ਼ਰਮਾ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ।

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 14.10.2014 ਦੀ ਕਾਰਵਾਈ ਦੀ ਸੋਧ ਸਹਿਤ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 14.10.2014 ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 46 ਦੀ ਅੰਤਿਕਾ ਵਿਚ ਇਸ ਸੋਧ ਸਹਿਤ ਕੀਤੀ ਜਾਂਦੀ ਹੈ ਕਿ **ਅੰਤਿਕਾ1(I)** ਦੀ ਬਜਾਏ **ਅੰਤਿਕਾ1(II)** ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 14.10.2014 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 14.10.2014 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ ।

**ਵਿਤ ਕਮੇਟੀ ਦੀਆਂ ਮਿਤੀ 27.10.2014 ਅਤੇ 25.11.2014 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਿਤ ਕਮੇਟੀ ਦੀਆਂ ਇਕੱਤਰਤਾਵਾਂ ਮਿਤੀ 27.10.2014 ਅਤੇ 25.11.2014 ਦੀਆਂ ਸਿਫਾਰਸ਼ਾਂ (**ਅੰਤਿਕਾਵਾਂ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ, ਐਸੋਸੀਏਟ ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ ਵਿਦੇਸ਼ ਵਿਖੇ ਸਿਮਪੋਜ਼ੀਅਮ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।**

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ, ਐਸੋਸੀਏਟ ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ 'Joint Malaysia –UK Symposium on Natural Products Chemistry and Drug Discovery 2014' ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance (Under Merged Scheme) ਅਧੀਨ ਵਿੱਤੀ ਸਹਾਇਤਾ ਦੀ ਪ੍ਰਵਾਨਗੀ ਦਿੱਤੀ ਹੈ।

(ਅ) ਉਕਤ (ੳ) ਅਧੀਨ ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ ਨੂੰ ਇਸ ਮੰਤਵ ਲਈ ਮਿਤੀ 11.12.2014 ਤੋਂ 15.12.2014 ਤੱਕ 5 ਦਿਨਾਂ ਦੀ ਕਮਾਈ ਛੁੱਟੀ

ਪਰਦਾਨ ਕੀਤੀ ਹੈ।

**ਸਬੰਧਤ ਅਧਿਆਪਕਾਂ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ।**

5. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| **ਕ੍ਰਮ ਨੰ:** | **ਨਾਮ ਅਤੇ ਆਹੁਦਾ** | **ਵਿਭਾਗ ਦਾ ਨਾਮ** | **ਨਿਯੁਕਤੀ ਦਾ ਸਮਾਂ** |
|---|---|---|---|
| 1. | ਡਾ. ਵਿਨੈ ਕਪੂਰ, ਐਸੋਸੀਏਟ ਪ੍ਰੋਫੈਸਰ | ਕਾਨੂੰਨ ਵਿਭਾਗ | 1.1.2015 ਤੋਂ 31.12.2017 ਤੱਕ |
| 2. | ਡਾ. ਪਵਨ ਕੁਮਾਰ, ਐਸੋਸੀਏਟ ਪ੍ਰੋਫੈਸਰ | ਕਾਨੂੰਨ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ | - ਉਹੀ - |
| 3. | ਡਾ. ਸੰਦੀਪ ਕੁਮਾਰ ਸੂਦ, ਐਸੋਸੀਏਟ ਪ੍ਰੋਫੈਸਰ | ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ | - ਉਹੀ - |
| 4. | ਡਾ. ਪ੍ਰਮੋਦ ਕੁਮਾਰ ਵਰਮਾ, ਐਸੋਸੀਏਟ ਪ੍ਰੋਫੈਸਰ | ਬਾਇਓ-ਟੈਕਨਾਲੋਜੀ ਵਿਭਾਗ | - ਉਹੀ - |
| 5. | ਡਾ. ਸੁਖਵਿੰਦਰ ਸਿੰਘ, ਪ੍ਰੋਫੈਸਰ | ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ। | -ਉਹੀ - |
| 6. | ਡਾ.(ਮਿਸਿਜ਼) ਸ਼ਸ਼ੀ ਬਾਲਾ, ਪ੍ਰੋਫੈਸਰ | ਗੁਰੂ ਨਾਨਕ ਅਧਿਐਨ ਵਿਭਾਗ | 1.1.2015 ਤੋਂ 13.11.2016 ਤੱਕ (60 ਸਾਲ ਦੀ ਉਮਰ ਹੋਣ ਤੱਕ) |

**ਡਾ. ਮੋਹਨ ਪਾਲ ਸਿੰਘ ਈਸ਼ਰ, ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ ਡਿਊਟੀ 'ਤੇ ਹਾਜ਼ਰ ਹੋਣ ਦੀ ਆਗਿਆ ਦੀ ਪੁਸ਼ਟੀ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਮੋਹਨ ਪਾਲ ਸਿੰਘ ਈਸ਼ਰ, ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ, ਜੋ ਇਸ ਸਮੇਂ ਜੰਮੂ ਯੂਨੀਵਰਸਿਟੀ ਵਿਖੇ ਉਪ-ਕੁਲਪਤੀ ਵਜੋਂ ਮਿਤੀ 27.1.2012 ਤੋਂ 3.11.2014 ਤੱਕ ਡੈਪੂਟੇਸ਼ਨ 'ਤੇ ਹਨ, ਨੂੰ ਮਿਤੀ 31.10.2014 ਤੋਂ ਇਸ ਯੂਨੀਵਰਸਿਟੀ ਵਿਖੇ ਆਪਣੀ ਡਿਊਟੀ 'ਤੇ ਹਾਜ਼ਰ ਹੋਣ ਦੀ ਆਗਿਆ ਦਿੱਤੀ ਹੈ।

**ਡਾ. ਮੋਹਨ ਪਾਲ ਸਿੰਘ ਈਸ਼ਰ, ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੀ ਮੁੜ ਨਿਯੁਕਤੀ।**

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 11.10.2004 ਦੇ ਪੈਰਾ 15 ਦੇ ਅਧਾਰ 'ਤੇ ਹੇਠ ਲਿਖੇ ਅਧਿਆਪਕ ਨੂੰ ਮਿਤੀ 31.12.2014 ਨੂੰ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.1.2015 ਤੋਂ 31.12.2016 ਤੱਕ ਦੋ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਬਣਦੀ ਤਨਖਾਹ (Last Pay Drawn – Pension) 'ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ ਅਤੇ ਅਹੁਦਾ** | **ਵਿਭਾਗ** |
|---|---|---|
| 1. | ਡਾ. ਮੋਹਨ ਪਾਲ ਸਿੰਘ ਈਸ਼ਰ,ਪ੍ਰੋਫੈਸਰ | ਫਾਰਮਾਸਿਊਟੀਕਲ ਸਾਇੰਸਜ਼ |

**ਮਿਸਿਜ਼ ਪਰਨੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਜਲੰਧਰ ਦਾ ਅਸਤੀਫਾ ਪ੍ਰਵਾਨ ਕਰਨ ਅਤੇ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੀ ਸ਼ਰਤ ਤੋਂ ਛੋਟ ਦੇਣ ਦੀ ਪਰਵਾਨਗੀ।**

8. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਮਿਸਿਜ਼ ਪਰਨੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਜਲੰਧਰ ਦਾ ਮਿਤੀ 4.11.2014 (FN) ਤੋਂ ਦਿੱਤਾ ਅਸਤੀਫਾ ਪ੍ਰਵਾਨ ਕੀਤਾ ਜਾਂਦਾ ਹੈ।

(ਅ) ਉਕਤ (ੳ) ਅਧੀਨ ਮਿਸਿਜ਼ ਪਰਨੀਤ ਕੌਰ ਨੂੰ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੀ ਸ਼ਰਤ ਤੋਂ ਛੋਟ ਦਿੱਤੀ ਜਾਂਦੀ ਹੈ।

**ਸਬੰਧਤ ਅਧਿਆਪਕਾਂ ਦੀ ਡਿਊਟੀ ਲੀਵ ਪ੍ਰਵਾਨ ਕਰਦਿਆਂ ਵਿਦੇਸ਼ ਵਿਖੇ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਆਗਿਆ ਦੀ ਪੁਸ਼ਟੀ।**

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 64 'ਤੇ ਦਰਜ ਸਟੈਚਿਊਟ 79 ਅਧੀਨ-

(ੳ) ਡਾ. ਮਨੋਜ ਕੁਮਾਰ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਮਿਤੀ 10.11.2014 ਤੋਂ 14.11.2014 ਤੱਕ (5 ਦਿਨ) (ਸਮੇਤ ਮਿਤੀ 8 ਤੋਂ 9.11.2014 ਦੀ ਅਗੇਤਰੀ ਛੁੱਟੀ) ਡਿਊਟੀ ਲੀਵ ਪਰਦਾਨ ਕਰਦਿਆਂ 4th International Conference on Molecular Sensors and Molecular Logic Gates (MSMLG) organized by Department of Chemistry, East China University of Sciences and Technology at Shanghai, Republic of China ਵਿਖੇ ਲੈਕਚਰ ਦੇਣ ਲਈ ਜਾਣ ਦੀ ਆਗਿਆ ਦਿੱਤੀ ਹੈ।

(ਅ) ਡਾ. ਪਰਮਜੀਤ ਕੌਰ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਮਿਤੀ 10.11.2014 ਤੋਂ 13.11.2014 ਤੱਕ (4 ਦਿਨ) (ਸਮੇਤ ਮਿਤੀ 8 ਤੋਂ 9.11.2014 ਦੀ ਅਗੇਤਰੀ ਛੁੱਟੀ) ਡਿਊਟੀ ਲੀਵ ਪਰਦਾਨ ਕਰਦਿਆਂ 4th International Conference on Molecular Sensors and Molecular Logic Gates

(MSMLG), Shanghai, Republic of China ਵਿਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਹੈ।

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਜਾਣ ਦੀ ਆਗਿਆ ਦੀ ਪੁਸ਼ਟੀ।**

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ –

(ੳ) ਡਾ. ਜਗਰੂਪ ਸਿੰਘ, ਪ੍ਰੋਫੈਸਰ ਅਤੇ ਮੁਖੀ, ਰਾਜਨੀਤੀ ਸ਼ਾਸਤਰ ਵਿਭਾਗ ਨੂੰ ਮਿਤੀ 27.11.2014 ਤੋਂ 28.11.2014 ਤੱਕ (ਕੁਲ 2 ਦਿਨ) ਦੀ ਡਿਊਟੀ ਲੀਵ ਪਰਦਾਨ ਕਰਦਿਆਂ Lahore University of Management Sciences, Lahore ਵਿਖੇ "The 2014 Indian Elections: Implications for Domestic Politics and Indo-Pakistan Relations" ਵਿਚ "Parliamentary Election 2014 in Punjab: An Overview" ਪੇਪਰ ਪੇਸ਼ ਕਰਨ ਦੀ ਆਗਿਆ ਦਿੱਤੀ ਹੈ।

(ਅ) ਡਾ. ਨਿਸ਼ਾ ਛਾਬੜਾ, ਅਸਿਸਟੈਂਟ ਪ੍ਰੋਫੈਸਰ, ਸਾਈਕੋਲੋਜੀ ਵਿਭਾਗ, ਯੂਨੀਵਰਸਿਟੀ ਕਾਲਜ, ਵੇਰਕਾ ਨੂੰ ਮਿਤੀ 29.11.2014 ਤੋਂ 5.12.2014 ਤੱਕ (7 ਦਿਨ) ਦੀ ਕਮਾਈ ਛੁੱਟੀ ਪਰਦਾਨ ਕਰਦਿਆਂ ਥਾਈਲੈਂਡ ਜਾਣ ਦੀ ਆਗਿਆ ਦਿੱਤੀ ਹੈ।

(ੲ) ਡਾ. ਸੁਖਦੇਵ ਸਿੰਘ, ਪ੍ਰੋਫੈਸਰ(ਰਿਟਾ.)(ਮੁੜ ਨਿਯੁਕਤ) ਮੌਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਨੂੰ Marriage Ceremony ਵਿਚ ਸ਼ਾਮਲ ਹੋਣ ਲਈ ਮਿਤੀ 22.12.2014 ਤੋਂ 4.1.2015 ਤੱਕ (ਸਰਦੀਆਂ ਦੀਆਂ ਛੁੱਟੀਆਂ ਸਮੇਤ ਮਿਤੀ 3-4.1.2015 ਤੱਕ ਪਛੇਤਰੀਆਂ ਛੁੱਟੀਆਂ) ਦੌਰਾਨ ਅਮਰੀਕਾ ਜਾਣ ਦੀ ਆਗਿਆ ਦਿੱਤੀ ਹੈ।

(ਸ) ਡਾ. ਪਰਮਜੀਤ ਕੌਰ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਨੂੰ ਘਰੇਲੂ ਕਾਰਣਾਂ ਕਰਕੇ ਮਿਤੀ 3.11.2014 ਤੋਂ 19.12.2014 ਤੱਕ (47 ਦਿਨਾਂ) ਦੀ ਕਮਾਈ ਛੁੱਟੀ (ਸਮੇਤ ਪਿਛੇਤਰੀ ਛੁੱਟੀ ਮਿਤੀ 20 ਅਤੇ 21.12.2014 ਅਤੇ ਸਰਦੀਆਂ ਦੀਆਂ ਛੁੱਟੀਆਂ ਮਿਤੀ 22.12.2014 ਤੋਂ 2.1.2015) ਦੌਰਾਨ ਅਮਰੀਕਾ ਜਾਣ ਦੀ ਆਗਿਆ ਦਿੱਤੀ ਹੈ।

(ਹ) ਡਾ. ਗੁਰਚਰਨ ਕੌਰ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਨੂੰ ਮਿਤੀ 15.12.2014 ਤੋਂ 19.12.2014 ਤੱਕ (5 ਦਿਨ) ਦੀ ਕਮਾਈ ਛੁੱਟੀ (ਸਮੇਤ ਮਿਤੀ 20-21.12.2014 ਦੀ ਪਛੇਤਰੀ ਛੁੱਟੀ ਅਤੇ ਮਿਤੀ 22.12.2014 ਤੋਂ 2.1.2015 ਤੱਕ ਸਰਦੀਆਂ ਦੀਆਂ ਛੁੱਟੀਆਂ) ਪਰਦਾਨ ਕਰਦਿਆਂ ਅਮਰੀਕਾ ਜਾਣ ਲਈ 12.12.2014 ਬਾਅਦ ਦੁਪਹਿਰ ਤੋਂ 4.1.2015 ਤੱਕ ਦੇਸ਼ ਛੱਡਣ ਦੀ ਆਗਿਆ ਦਿੱਤੀ ਹੈ।

**ਡਾ. ਮਨਮੋਹਨ ਸਿੰਘ ਗਿੱਲ, ਪ੍ਰਿੰਸੀਪਲ ਦੀ ਮੁੜ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਮਨਮੋਹਨ ਸਿੰਘ ਗਿੱਲ, ਪ੍ਰਿੰਸੀਪਲ, ਯੂਨੀਵਰਸਿਟੀ ਕਾਲਜ, ਚੁੰਘ ਦੀ ਨਿਯੁਕਤੀ

ਦੀ ਮਿਆਦ ਵਿਚ 11 ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

**ਸ਼੍ਰੀ ਦਵਿੰਦਰ ਪਾਠਕ, ਐਡਵੋਕੇਟ, ਲੀਗਲ ਐਡਵਾਈਜ਼ਰ (ਆਰ.ਟੀ.ਆਈ. ਸੈੱਲ) ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਦਵਿੰਦਰ ਪਾਠਕ, ਐਡਵੋਕੇਟ, ਲੀਗਲ ਐਡਵਾਈਜ਼ਰ (ਆਰ.ਟੀ.ਆਈ. ਸੈੱਲ), ਜਿਨ੍ਹਾਂ ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 30.11.2014 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.12.2014 ਤੋਂ ਇਕ ਸਾਲ ਲਈ 12,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

**ਸ਼੍ਰੀ ਬਲਰਾਜ ਸਿੰਘ ਦੀ ਫਿਜ਼ੀਕਲ ਐਜੂਕੇਸ਼ਨ(AT) ਵਿਖੇ ਆਰਚਰੀ ਕੋਚ ਵਜੋਂ ਨਿਯੁਕਤੀ ਦੀ ਪੁਸ਼ਟੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਬਲਰਾਜ ਸਿੰਘ ਨੂੰ ਮਿਤੀ 3.11.2014 ਤੋਂ 31.3.2015 ਤੱਕ 30,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਫਿਜ਼ੀਕਲ ਐਜੂਕੇਸ਼ਨ(AT) ਵਿਖੇ ਆਰਚਰੀ ਕੋਚ ਵਜੋਂ ਨਿਯੁਕਤ ਕੀਤਾ ਹੈ।

**ਡਾ. ਸੁਨੀਲ ਕੁਮਾਰ ਨੂੰ ਸਵੈ-ਇੱਛਤ ਸੇਵਾ-ਮੁਕਤੀ (VRS)ਦੇਣ ਦੀ ਪ੍ਰਵਾਨਗੀ।**

14. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸੁਨੀਲ ਕੁਮਾਰ, ਐਸੋਸੀਏਟ ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ, ਜਿਨ੍ਹਾਂ ਦੀ ਇਸ ਯੂਨੀਵਰਸਿਟੀ ਵਿਖੇ 20 ਸਾਲ , 11 ਮਹੀਨੇ 6 ਦਿਨ ਰੈਗੂਲਰ ਸੇਵਾ ਬਣਦੀ ਹੈ, ਵੱਲੋਂ ਨਿਯਮਾਂ ਅਨੁਸਾਰ ਸਵੈ-ਇੱਛਤ ਪ੍ਰੀ-ਮੈਚਿਉਰ ਸੇਵਾ-ਮੁਕਤੀ (VRS) ਲਈ ਲੋੜੀਂਦਾ 3 ਮਹੀਨੇ ਦਾ 'ਨੋਟਿਸ ਪੀਰੀਅਡ' ਮਿਤੀ 26.9.2014 ਤੋਂ ਪਰਵਾਨ ਕਰਦਿਆਂ ਮਿਤੀ 1.1.2015 (ਦੁਪਹਿਰ ਤੋਂ ਪਹਿਲਾ) ਤੋਂ ਯੂਨੀਵਰਸਿਟੀ ਸੇਵਾ ਤੋਂ ਮੁਕਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ।**

15. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ ਹੇਠ ਲਿਖੇ ਅਧਿਕਾਰੀਆਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ

ਦਿੱਤੀ ਜਾਂਦੀ ਹੈ:-

| **ਲੜੀ ਨੰ:** | **ਅਧਿਕਾਰੀ ਦਾ ਨਾਮ/ਅਹੁਦਾ** | **ਕੇਡਰ ਵਿੱਚ ਸਰਵਿਸ** | **ਜਿਸ ਮਿਤੀ ਤੋਂ ਇਨਕਰੀਮੈਂਟ ਦੇਣੀ ਹੈ/ ਇਨਕਰੀਮੈਂਟ ਦੀ ਰਕਮ(ਰੁ:)** | **ਬਣਦੀ ਬੇਸਿਕ ਤਨਖਾਹ(ਰੁ:)** |
|---|---|---|---|---|
| 1. | ਸ਼੍ਰੀਮਤੀ ਸਰੋਜ ਬਾਲਾ, ਨਿਗਰਾਨ | 4 ਸਾਲਾ | 1.11.2014 ਤੋਂ 810/- | 22440+5400G.P. = 27840/- |
| 2. | ਸ਼੍ਰੀਮਤੀ ਕੰਚਨ ਕੋਹਲੀ, ਨਿਗਰਾਨ | 4 ਸਾਲਾ | 26.8.2014 ਤੋਂ 820/- | 22500+5400G.P. =27900/- |

**ਸ਼੍ਰੀ ਗੁਰਚਰਨ ਸਿੰਘ, ਐਡਵੋਕੇਟ ਨੂੰ 25,000/- ਰੁਪਏ ਪੇਸ਼ਗੀ ਫੀਸ ਦੀ ਅਦਾਇਗੀ ਦੀ ਪੁਸ਼ਟੀ।**

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਅਤੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਸਕੂਲ, ਮੁਕੰਦਪੁਰ ਨੂੰ ਜਾਂਦੀ ਮੁੱਖ ਸੜਕ ਉਤੇ ਸਾਧੂ ਸਿੰਘ ਡੀ.ਏ.ਵੀ. ਰੂਰਲ ਪਬਲਿਕ ਸਕੂਲ, ਮੁਕੰਦਪੁਰ ਦੀ ਪ੍ਰਬੰਧਕੀ ਕਮੇਟੀ ਵੱਲੋਂ ਗੈਰ ਕਾਨੂੰਨੀ ਕਬਜ਼ੇ ਨੂੰ ਰੋਕਣ ਸਬੰਧੀ ਕੇਸ ਦੀ ਪੈਰਵੀ ਹਿਤ ਸ਼੍ਰੀ ਗੁਰਚਰਨ ਸਿੰਘ, ਐਡਵੋਕੇਟ ਨੂੰ 25,000/- ਰੁਪਏ ਪੇਸ਼ਗੀ ਫੀਸ ਦੀ ਅਦਾਇਗੀ ਦੀ ਪ੍ਰਵਾਨਗੀ ਦਿੱਤੀ ਹੈ।

**ਯੂਨੀਵਰਸਿਟੀ ਕਾਲਜ, ਵੇਰਕਾ ਵਿਖੇ ਵਿਦਿਆਰਥੀਆਂ ਨੂੰ ਘਟਦਾ ਵਿਸ਼ਾ ਪਾਸ ਕਰਨ ਲਈ ਇਕ ਹੋਰ ਮੌਕਾ ਦੇਣ ਦੀ ਪ੍ਰਵਾਨਗੀ।**

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕਾਲਜ, ਵੇਰਕਾ ਵਿਖੇ ਬੀ.ਏ. ਸਮੈਸਟਰ ਪੰਜਵਾਂ ਦੇ ਹੇਠ ਲਿਖੇ ਵਿਦਿਆਰਥੀ, ਜਿਨ੍ਹਾਂ ਨੇ ਸਿੰਡੀਕੇਟ ਦੀ ਇਕੱਤਰਤਾ ਮਿਤੀ 23.12.2013 ਦੇ ਪੈਰਾ ਨੰ: 12 ਅਨੁਸਾਰ ਮਈ 2014 ਤੱਕ ਘਟਦਾ ਵਿਸ਼ਾ ਪਾਸ ਕਰਨਾ ਸੀ, ਪ੍ਰੰਤੂ ਉਹ ਆਪਣਾ ਘਟਦਾ ਵਿਸ਼ਾ ਪਾਸ ਨਹੀਂ ਕਰ ਸਕੇ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ, ਸਬੰਧਤ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਘਟਦਾ ਵਿਸ਼ਾ ਪਾਸ ਕਰਨ ਲਈ 5000/- ਰੁਪਏ ਪ੍ਰਤੀ ਵਿਦਿਆਰਥੀ ਜੁਰਮਾਨਾ ਫੀਸ ਨਾਲ ਪਹਿਲਾ ਸਮੈਸਟਰ ਨਵੰਬਰ 2014 ਅਤੇ ਦੂਸਰਾ ਸਮੈਸਟਰ ਮਈ 2015 ਵਿਚ ਇਕ ਹੋਰ ਮੌਕਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| **ਕ੍ਰਮ ਨੰ:** | **ਨਾਮ ਅਤੇ ਰੋਲ ਨੰ:** | **ਘਟਦਾ ਵਿਸ਼ਾ** |
|---|---|---|
| 1. | ਅਮਨਦੀਪ ਸਿੰਘ 10321204229 | ਸ਼ੋਸ਼ਿਆਲੋਜੀ |
| 2. | ਕਰਨਬੀਰ ਸਿੰਘ 10321243024 | ਕੰਪਿਊਟਰ ਸਾਇੰਸ |
| 3. | ਨਵਜੋਤ ਕੌਰ, 10321200836 | ਪੋਲੀਟੀਕਲ ਸਾਇੰਸ |

**ਵਾਪਸ ਲਈ ਗਈ ਮੱਦ।**

18. ਹੇਠ ਲਿਖੀ ਮੱਦ ਵਾਪਸ ਲਈ ਗਈ:-

"ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 22.1.2014 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਕਰਨੀ ਕਿ ਸੈਸ਼ਨ 2014-15 ਤੋਂ Master of Neurological Physiotherapy ਅਤੇ Master in Sports Psychology (CBCEGS) ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਣ"।

**ਹੰਸਪ੍ਰੀਤ ਸਿੰਘ, ਬੀ.ਟੈਕ. (ਇਲੈਕਟ੍ਰਾਨਿਕਸ ਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ), ਸਮੈਸਟਰ ਪੰਜਵਾਂ, ਸੁਲਤਾਨਪੁਰ ਲੋਧੀ ਦੀ ਲੇਟ ਫੀਸ ਨਾਲ ਦਾਖਲੇ ਦੀ ਪ੍ਰਵਾਨਗੀ।**

19. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੰਸਪ੍ਰੀਤ ਸਿੰਘ, ਰੋਲ ਨੰ: 2012 ECA 1868 ਦਾ ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ ਵਿਖੇ 5000/- ਰੁਪਏ ਲੇਟ ਫੀਸ ਨਾਲ ਬੀ.ਟੈਕ. ਇਲੈਕਟ੍ਰਾਨਿਕਸ ਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ, ਸਮੈਸਟਰ ਪੰਜਵਾਂ ਵਿਚ ਮਿਤੀ 11.8.2014 ਨੂੰ ਕੀਤਾ ਦਾਖਲਾ ਪ੍ਰਵਾਨ ਕੀਤਾ ਜਾਂਦਾ ਹੈ।

**ਵਾਪਸ ਲਈ ਗਈ ਮੱਦ।**

20. ਹੇਠ ਲਿਖੀ ਮੱਦ ਵਾਪਸ ਲਈ ਗਈ:-

"ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 22.1.2014 ਦੇ ਪੈਰਾ 'Z' ਰਾਹੀਂ ਮਿਲੇ ਅਧਿਾਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਕਰਨੀ ਕਿ ਸੈਸ਼ਨ 2014-15 ਤੋਂ B.Ed. Special Education (MR) ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ"।

**ਵਾਪਸ ਲਈ ਗਈ ਮੱਦ।**

21. ਹੇਠ ਲਿਖੀ ਮੱਦ ਵਾਪਸ ਲਈ ਗਈ:-

"ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 4.1.2014 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਕਰਨੀ ਕਿ ਸਮੈਸਟਰ ਸਿਸਟਮ ਅਧੀਨ ਸੈਸ਼ਨ 2014-15 ਤੋਂ ਬੀ.ਕਾਮ. (ਆਨਰਜ਼) ਦੇ ਅਧਿਆਦੇਸ਼(**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੇ ਜਾਣ"।

**ਬੀ. ਵੋਕੇਸ਼ਨਲ ਕੋਰਸਾ ਦੇ ਅਧਿਆਦੇਸ਼ਾਂ ਦੀ ਪ੍ਰਵਾਨਗੀ।**

22. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 22.1.2014 ਦੇ ਪੈਰਾ 'Z' ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2014-15 ਤੋਂ ਬੀ. ਵੋਕੇਸ਼ਨਲ ਕੋਰਸਾਂ ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਂਦੇ ਹਨ।

**ਸਬੰਧਤ ਅਧਿਕਾਰੀਆਂ ਦੀ ਮੁੜ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।**

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ਼੍ਰੀ ਅਸ਼ੋਕ ਕੁਮਾਰ ਮਿਸ਼ਰਾ, ਨਿਗਰਾਨ(ਸੇਵਾ-ਮੁਕਤ), ਆਰ.ਟੀ.ਆਈ. ਸੈਲ ਦੀ ਮੁੜ ਨਿਯੁਕਤੀ ਦੀ ਮਿਆਦ ਵਿਚ ਮਿਤੀ 27.11.2014 ਤੋਂ 26.2.2015 ਤੱਕ ਤਿੰਨ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

(ਅ) ਸ਼੍ਰੀ ਕ੍ਰਿਸ਼ਨਪਾਲ ਸਿੰਘ, ਜੂਨੀਅਰ ਟੈਕਨੀਸ਼ੀਅਨ(ਸੇਵਾ-ਮੁਕਤ), ਮਨੋਵਿਗਿਆਨ ਵਿਭਾਗ ਦੀ ਮੁੜ ਨਿਯੁਕਤੀ ਦੀ ਮਿਆਦ ਵਿਚ ਮਿਤੀ 21.10.2014 (ਇਕ ਦਿਨ) ਦੀ ਬ੍ਰੇਕ ਦੇਂਦੇ ਹੋਏ, ਮਿਤੀ 22.10.2014 ਤੋਂ 22.11.2014 ਤੱਕ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ ਜੋ ਵੀ ਪਹਿਲਾਂ ਹੋਵੇ, 17811/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਕੰਟ੍ਰੈਕਟ ਅਧਾਰ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਮੁੜ ਨਿਯੁਕਤ ਕੀਤਾ ਹੈ।

ਉਸਦੀ ਇਹ ਨਿਯੁਕਤੀ ਡਿਊਟੀ 'ਤੇ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

**ਸ. ਸਕੱਤਰ ਸਿੰਘ ਸਟੈਨੋਗ੍ਰਾਫਰ(ਸੇਵਾ-ਮੁਕਤ), ਲੀਗਲ ਸੈਲ ਦੀ ਮੁੜ ਨਿਯੁਕਤੀ ਦੀ ਮਿਆਦ ਵਿਚ ਵਾਧਾ।**

24. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ. ਸਕੱਤਰ ਸਿੰਘ ਸਟੈਨੋਗ੍ਰਾਫਰ(ਸੇਵਾ-ਮੁਕਤ), ਲੀਗਲ ਸੈਲ, ਜਿਨ੍ਹਾਂ ਦੀ ਵਰਤਮਾਨ ਮੁੜ ਨਿਯੁਕਤੀ ਦੀ ਮਿਆਦ ਮਿਤੀ 31.12.2014 ਨੂੰ ਖਤਮ ਹੋ ਰਹੀ ਹੈ, ਦੀ ਮੁੜ ਨਿਯੁਕਤੀ ਦੀ ਮਿਆਦ ਵਿਚ ਮਿਤੀ 1.1.2015 ਤੋਂ 6 ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਜਾਂਦਾ ਹੈ।

**ਜਾਅਲੀ DMC ਦੇ ਆਧਾਰ 'ਤੇ ਦਾਖਲਾ ਦੇਣ ਕਾਰਨ ਸਬੰਧਤ ਕਾਲਜ ਨੂੰ ਜੁਰਮਾਨਾ, ਸਬੰਧਤ ਵਿਦਿਆਰਥੀ ਦਾ ਦਾਖਲਾ ਰੱਦ ਕਰਨ ਅਤੇ ਪੱਕੇ ਤੌਰ 'ਤੇ ਵਰਜਿਤ(debar) ਕਰਨ ਦੀ ਪੁਸ਼ਟੀ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵੱਲੋਂ ਸੈਸ਼ਨ 2014-15 ਦੌਰਾਨ ਬੀ.ਕਾਮ. (ਰੈਗੂਲਰ) ਪਹਿਲਾ ਸਮੈਸਟਰ ਦੇ ਵਿਦਿਆਰਥੀ- ਪਵਨਜੋਤ ਸਿੰਘ ਪੁੱਤਰ ਸ. ਹਰਦੇਵ ਸਿੰਘ ਨੂੰ 10+2 ਦੇ ਜਾਅਲੀ DMC ਦੇ ਆਧਾਰ 'ਤੇ ਉਕਤ ਕਲਾਸ ਵਿਚ ਦਾਖਲਾ ਦੇਣ ਕਾਰਨ ਸਬੰਧਤ ਕਾਲਜ ਨੂੰ 25000/- ਰੁਪਏ ਜੁਰਮਾਨਾ ਕੀਤਾ ਹੈ।

(ਅ) ਉਕਤ (ੳ) ਅਧੀਨ ਪਵਨਜੋਤ ਸਿੰਘ ਦਾ ਬੀ.ਕਾਮ. ਸਮੈਸਟਰ-ਪਹਿਲਾ ਵਿਚ ਕੀਤਾ ਦਾਖਲਾ ਰੱਦ ਕਰਦਿਆਂ ਉਸ ਨੂੰ ਇਸ ਯੂਨੀਵਰਸਿਟੀ ਦੀ ਕੋਈ ਵੀ ਪ੍ਰੀਖਿਆ ਦੇਣ ਤੋਂ ਪੱਕੇ ਤੌਰ 'ਤੇ ਵਰਜਿਤ (debar) ਕੀਤਾ ਹੈ।

ਇਹ ਵੀ **ਪਾਸ ਹੋਇਆ** ਕਿ ਉਕਤ (ੳ) ਅਧੀਨ ਵਿਦਿਆਰਥੀ- ਪਵਨਜੋਤ ਸਿੰਘ ਪੁੱਤਰ ਸ. ਹਰਦੇਵ ਸਿੰਘ ਵਿਰੁੱਧ FIR ਦਰਜ ਕਰਵਾਈ ਜਾਵੇ।

**ਜਾਅਲੀ DMC ਦੇ ਆਧਾਰ 'ਤੇ ਦਾਖਲਾ ਦੇਣ ਕਾਰਣ ਸਬੰਧਤ ਕਾਲਜ ਨੂੰ ਜੁਰਮਾਨਾ, ਸਬੰਧਤ ਵਿਦਿਆਰਥੀ ਦਾ ਦਾਖਲਾ ਰੱਦ ਕਰਨ ਅਤੇ ਪੱਕੇ ਤੌਰ 'ਤੇ ਵਰਜਿਤ(debar) ਕਰਨ ਦੀ ਪੁਸ਼ਟੀ।**

26. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡੀ.ਏ.ਵੀ. ਕਾਲਜ, ਅੰਮ੍ਰਿਤਸਰ ਵੱਲੋਂ ਸੈਸ਼ਨ 2014-15 ਦੌਰਾਨ ਐਮ.ਏ. (ਇਕਨਾਮਿਕਸ) ਪਹਿਲਾ ਸਮੈਸਟਰ ਦੇ ਵਿਦਿਆਰਥੀ- ਦਿਲਸ਼ੇਰ ਸਿੰਘ ਸੰਧੂ ਪੁੱਤਰ ਸ. ਪ੍ਰੀਤ ਮਹਿੰਦਰ ਸਿੰਘ ਸੰਧੂ ਨੂੰ ਬੀ.ਬੀ.ਏ. ਦੇ ਜਾਅਲੀ DMC ਦੇ ਆਧਾਰ 'ਤੇ ਉਕਤ ਕਲਾਸ ਵਿਚ ਦਾਖਲਾ ਦੇਣ ਕਾਰਣ ਸਬੰਧਤ ਕਾਲਜ ਨੂੰ 25000/- ਰੁਪਏ ਜੁਰਮਾਨਾ ਕੀਤਾ ਹੈ।

(ਅ) ਉਕਤ (ੳ) ਅਧੀਨ ਦਿਲਸ਼ੇਰ ਸਿੰਘ ਸੰਧੂ ਦਾ ਐਮ.ਏ. (ਇਕਨਾਮਿਕਸ) ਸਮੈਸਟਰ-ਪਹਿਲਾ ਵਿਚ ਕੀਤਾ ਦਾਖਲਾ ਰੱਦ ਕਰਦਿਆਂ ਉਸਨੂੰ ਇਸ ਯੂਨੀਵਰਸਿਟੀ ਦੀ ਕੋਈ ਵੀ ਪ੍ਰੀਖਿਆ ਦੇਣ ਤੋਂ ਪੱਕੇ ਤੌਰ 'ਤੇ ਵਰਜਿਤ (debar) ਕੀਤਾ ਹੈ।

ਇਹ ਵੀ **ਪਾਸ ਹੋਇਆ** ਕਿ ਉਕਤ (ੳ) ਅਧੀਨ ਵਿਦਿਆਰਥੀ- ਦਿਲਸ਼ੇਰ ਸਿੰਘ ਸੰਧੂ ਪੁੱਤਰ ਸ. ਪ੍ਰੀਤ ਮਹਿੰਦਰ ਸਿੰਘ ਸੰਧੂ ਵਿਰੁੱਧ FIR ਦਰਜ ਕਰਵਾਈ ਜਾਵੇ।

**ਸ਼੍ਰੀ ਸੁਖਪਾਲ ਸਿੰਘ, ਪ੍ਰੋਗ੍ਰਾਮ ਕੋ-ਆਰਡੀਨੇਟਰ, ਐਨ.ਐਸ.ਐਸ. ਵਿਭਾਗ ਦੀ ਕਮਾਈ ਛੁੱਟੀ ਵਿਚ ਵਾਧਾ।**

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਸੁਖਪਾਲ ਸਿੰਘ, ਪ੍ਰੋਗ੍ਰਾਮ ਕੋ-ਆਰਡੀਨੇਟਰ, ਐਨ.ਐਸ.ਐਸ. ਵਿਭਾਗ, ਜਿਸ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 14.10.2014 ਦੇ ਪੈਰਾ ਨੰ: 49 ਰਾਹੀਂ ਯੂ.ਕੇ. (ਇੰਗਲੈਂਡ) ਜਾਣ ਲਈ ਮਿਤੀ 10.10.2014 ਤੋਂ 22.10.2014 ਤੱਕ 13 ਦਿਨਾਂ ਦੀ ਕਮਾਈ ਛੁੱਟੀ ਪ੍ਰਵਾਨ ਹੋਈ ਸੀ, ਦੀ ਕਮਾਈ ਛੁੱਟੀ ਵਿਚ ਮਿਤੀ 23.10.2014 ਤੋਂ 31.10.2014 ਤੱਕ 9 ਦਿਨਾਂ ਦਾ ਹੋਰ ਵਾਧਾ ਕੀਤਾ ਜਾਂਦਾ ਹੈ।

**ਬੀ.ਏ. ਕੋਰਸ ਦੇ** Combination of Subjects **ਵਿਚ ਨਵਾਂ ਚੋਣਵਾਂ ਵਿਸ਼ਾ** Hindi Patrakarita **ਸ਼ਾਮਲ ਕਰਨ ਦੀ ਪ੍ਰਵਾਨਗੀ।**

28. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਬੰਧਤ ਪਾਠ ਸਿੱਖਿਆ ਬੋਰਡ ਦੀ ਚੇਅਰ-ਪਰਸਨ ਦੀ ਸਿਫਾਰਿਸ਼ ਨੂੰ ਮੁੱਖ ਰੱਖਦਿਆਂ ਬੀ.ਏ. ਕੋਰਸ ਦੇ Combination of Subjects ਦੇ ਗੁਰੱਪ ਨੰ:1 ਵਿਚ ਹੇਠ ਲਿਖੇ ਅਨੁਸਾਰ ਚੋਣਵਾਂ ਵਿਸ਼ਾ 'Hindi Patrakarita' ਸ਼ਾਮਲ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

1. English/ Hindi/ Punjabi/ Sanskrit/ Bangla/ Urdu/ Persian/ Tamil/ Assamese/ French/ Arabic/ Russain/ German/ Hindi Patrakarita.

**ਸਬੰਧਤ ਵਿਭਾਗਾਂ ਦਾ ਨਾਕਾਰਾ ਅਤੇ ਨਾ-ਵਰਤੋਂਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

29. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ **1,84,118.50** ਰੁਪਏ ਕੀਮਤ ਦਾ ਨਾ-ਵਰਤੋਂਯੋਗ ਫਰਨੀਚਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 8.11.2014 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਵਿਖੇ ਕੰਪਿਊਟਰ ਆਦਿ ਨਾਲ ਸਬੰਧਤ **8,33,743/-** ਰੁਪਏ ਕੀਮਤ ਦਾ ਸਮਾਨ, ਜੋ ਨਕਾਰਾ ਅਤੇ ਨਾ-ਮੁਰੰਮਤਯੋਗ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 12.11.2014 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

(ੲ) ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਵਿਖੇ **7520/-** ਰੁਪਏ (**ਅੰਤਿਕਾ**-I) ਅਤੇ **5,17,795/-**ਰੁਪਏ (**ਅੰਤਿਕਾ**-II) ਦਾ ਸਮਾਨ ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 17.10.2014 ਦੀਆਂ ਸਿਫਾਰਸ਼ਾਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ।**

30. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | Raj Pal | Punjabi Sensibility in the Stories of Krishna Sobti and Amrita Pritam: A Comparative Study. | ਹਿੰਦੀ-ਲੈਂਗੁਏਜ਼ਿਜ਼ ਫੈਕਲਟੀ। |
| 2. | Raghu Raj | Synthesis and Evaluation of C-3 Functionalized β-Lactam and 7-Chloroquinoline Based Molecular Conjugates. | ਕੈਮਿਸਟਰੀ-ਸਾਇੰਸਜ਼ ਫੈਕਲਟੀ। |
| 3. | K. Praveen Kumar | A Study on Comparison of Personality Profiles and Behaviour to Pain Among Contact and non-Contact Sports Persons. | ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ-ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਫੈਕਲਟੀ। |
| 4. | Manjit Singh | Social and Economic Challenges in Punjab: 1947-66. | ਹਿਸਟਰੀ-ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |

| | | |
|---|---|---|
| 5. Arjan Singh | Data Allocation Framework for Distributed Database Design. | ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ- ਇੰਜੀਨੀਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 6. Zorawar Singh | Assessment of Oxidative Stress and DNA Damage in Textile and Iron Industry Workers. | ਜ਼ੂਆਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 7. Rohini Mahajan | Disclosure Practices of Banks in India. | ਕਾਮਰਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 8. Gagandeep Kaur | Jurisprudence of E-Commerce and Consumer Protection in India: A Critical Analysis with Special Reference to the Information Technology Act, 2000. | ਲਾਅ- ਲਾਅਜ਼ ਫੈਕਲਟੀ। |
| 9. Gurinder Kaur | Growth Strategy for the Revival of Industrial Sector in Punjab. | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 10. Amarjeet Singh | Growth and Technical Efficiency in Indian Agriculture- An Inter-state Analysis. | - ਉਹੀ - |
| 11. Shivani Vats | Genetic Polymorphism in Patients of Type-2 Diabetes and Coronary Artery Disease. | ਹਿਊਮਨ ਜੈਨੇਟਿਕਸ- ਲਾਈਫ ਸਾਇੰਸਜ਼ ਫੈਕਲਟੀ। |

**ਵਾਪਸ ਲਈ ਗਈ ਮੱਦ।**

31. ਹੇਠ ਲਿਖੀ ਮੱਦ ਵਾਪਸ ਲਈ ਗਈ:-

"ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਕਰਨੀ ਕਿ ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 22.1.2014 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਬੀ.ਏ.(ਆਨਰਜ਼)(12+3 System of Education) ਸਮੈਸਟਰ ਪ੍ਰਣਾਲੀ ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਣ"।

**ਡਾ. ਹਰਪ੍ਰੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ ਨੂੰ ਭਰਾ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਕੈਲੀਫੋਰਨੀਆ, ਅਮਰੀਕਾ ਵਿਖੇ ਜਾਣ ਦੀ ਆਗਿਆ ਦੀ ਪੁਸ਼ਟੀ।**

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਹਰਪ੍ਰੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ ਨੂੰ ਮਿਤੀ 27.1.2015 ਤੋਂ 20.2.2015 ਤੱਕ 25 ਦਿਨਾਂ ਦੀ ਕਮਾਈ ਛੁੱਟੀ (ਸਮੇਤ ਮਿਤੀ 24, 25 ਅਤੇ 26.1.2015 ਦੀ ਅਗੇਤਰੀ ਛੁੱਟੀ ਅਤੇ ਮਿਤੀ 21 ਅਤੇ 22.2.2015 ਦੀ ਪਛੇਤਰੀ ਛੁੱਟੀ) ਪਰਦਾਨ ਕਰਦਿਆਂ ਕੈਲੀਫੋਰਨੀਆ, ਅਮਰੀਕਾ ਵਿਖੇ ਭਰਾ ਦੇ ਵਿਆਹ ਵਿਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਹੈ।

**ਪ੍ਰਿੰਸੀਪਲ ਅਤੇ ਸਕਿਓਰਿਟੀ ਅਫਸਰ ਦੀਆਂ ਯੋਗਤਾਵਾਂ ਵਿਚ ਸੋਧ/ਵਾਧੇ ਦੀ ਪ੍ਰਵਾਨਗੀ।**

33. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ -

(ੳ) ਇਸ ਯੂਨੀਵਰਸਿਟੀ ਵਿਖੇ ਪ੍ਰਿੰਸੀਪਲ ਦੀ ਅਸਾਮੀ ਲਈ ਯੋਗਤਾਵਾਂ ਵਿਚੋਂ ਹੇਠ ਲਿਖੇ ਅਨੁਸਾਰ ਦਿੱਤਾ ਗਿਆ ਨੋਟ ਕੱਟਣ ਦੀ ਪਰਵਾਨਗੀ ਦਿੱਤੀ ਹੈ:-

"(a) Already approved Principals working in affiliated colleges of Punjab State University shall also be eligible."

(ਅ) ਇਸ ਯੂਨੀਵਰਸਿਟੀ ਵਿਖੇ ਸਕਿਓਰਿਟੀ ਅਫਸਰ ਦੀ ਅਸਾਮੀ ਲਈ ਯੋਗਤਾਵਾਂ ਵਿਚ ਹੇਠ ਲਿਖੇ ਅਨੁਸਾਰ ਵਾਧੇ ਦੀ ਪਰਵਾਨਗੀ ਦਿੱਤੀ ਹੈ:-

| **Present Qualifications** | **Proposed Qualifications** |
|---|---|
| (i) Retired Army Officer with Minimum rank of Major, Preferably from the infantry and having experience of security and intelligence or retired Police Officer of the rank of DSP or above<br>(ii) Punjabi up to Matric standard is essential. | (i) Retired Army Officer with Minimum rank of Major, Preferably from the infantry and having experience of security and intelligence or retired Police Officer of the rank of DSP or above<br>(ii) Punjabi up to Matric standard is essential.<br>(iii) <u>The retired person above the age of 60 yrs. will be recruited initially for a period of 3 yrs. with fixed salary (Last pay drawn minus pension).</u> |

**ਡਾ. ਭਵਨੀਤਾ ਢਿੱਲੋਂ, ਅਸਿਸਟੈਂਟ ਪ੍ਰੋਫੈਸਰ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ ਨੂੰ 40 ਦਿਨਾਂ ਲਈ ਅੱਧੀ ਤਨਖਾਹ 'ਤੇ ਛੁੱਟੀ ਦੀ ਆਗਿਆ ਦੀ ਪੁਸ਼ਟੀ।**

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਭਵਨੀਤਾ ਢਿੱਲੋਂ, ਅਸਿਸਟੈਂਟ ਪ੍ਰੋਫੈਸਰ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ ਨੂੰ ਮਿਤੀ 15.12.2014 ਤੋਂ 23.1.2015 ਤੱਕ 40 ਦਿਨਾਂ ਲਈ ਅੱਧੀ ਤਨਖਾਹ 'ਤੇ ਛੁੱਟੀ ਪਰਦਾਨ ਕਰਦਿਆਂ ਮੈਲਬੋਰਨ, ਆਸਟ੍ਰੇਲੀਆ ਵਿਖੇ ਜਾਣ ਦੀ ਆਗਿਆ ਦਿੱਤੀ ਹੈ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

35. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. ਇਹ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ NAAC, ਬੰਗਲੌਰ ਵਲੋਂ ਸਾਡੀ ਯੂਨੀਵਰਸਿਟੀ ਨੂੰ ਤੀਜੇ ਸਾਈਕਲ ਵਿਚ ਮੁਲਾਂਕਣ ਉਪਰੰਤ 4 ਵਿਚੋਂ 3.51 ਗਰੇਡ ਦਿੱਤਾ ਗਿਆ ਹੈ। ਤੀਜੇ ਸਾਈਕਲ ਦੇ ਮੁਲਾਂਕਣ ਲਈ ਕੁੱਲ 18 ਯੂਨੀਵਰਸਿਟੀਆਂ ਵਿਚੋਂ ਕੇਵਲ ਦੋ ਯੂਨੀਵਰਸਿਟੀਆਂ ਹੀ ਸਾਡੀ ਯੂਨੀਵਰਸਿਟੀ

ਤੋਂ ਵਧੇਰੇ ਗਰੇਡ ਪ੍ਰਾਪਤ ਕਰ ਸਕੀਆਂ ਹਨ।

2. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ ਇਸ ਵਾਰ ਅਨੁਸੂਚਿਤ ਜਾਤੀ, ਪਛੜੀ ਸ਼ੇਣੀ ਅਤੇ ਅਲਪ-ਸੰਖਿਅਕ ਸ਼ੇਣੀਆਂ ਨਾਲ ਸਬੰਧਤ 11 ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ/ ਰਾਜ ਪੱਧਰ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ ਹਨ ਅਤੇ ਇਨ੍ਹਾਂ ਵਿਚੋਂ 5 ਵਿਦਿਆਰਥੀਆਂ ਨੂੰ ਨਿਯੁਕਤੀ ਪੱਤਰ ਮਿਲ ਚੁੱਕੇ ਹਨ। ਇਸ ਤੋਂ ਇਲਾਵਾ ਸੈਂਟਰ ਦੇ ਚਾਰ ਵਿਦਿਆਰਥੀਆਂ ਵਿਚੋਂ ਇਕ ਪੀ.ਸੀ.ਐਸ., ਇਕ ਸਬ ਇੰਸਪੈਕਟਰ, ਇਕ ਅਕਾਊਂਟੈਂਟ ਗ੍ਰੇਡ II ਅਤੇ ਇਕ ਮੈਜਿਸਟ੍ਰੇਟ ਦਾ ਰੀਡਰ ਨਿਯੁਕਤ ਹੋਏ ਹਨ।

3. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਮਿਤੀ 13 ਅਕਤੂਬਰ ਤੋਂ ਹੁਣ ਤੱਕ ਬੈਚ 2015 ਦੇ 121 ਵਿਦਿਆਰਥੀਆਂ ਨੂੰ ਭਾਰਤ ਦੀਆਂ ਬਹੁਰਾਸ਼ਟਰੀ ਕੰਪਨੀਆਂ Tech Mahindra, Paxcel Technologies, Vardhman Textiles, Amdocs ਵਲੋਂ ਨੌਕਰੀਆਂ ਲਈ ਚੁਣਿਆ ਗਿਆ ਹੈ। ਇਸ ਤਰ੍ਹਾਂ ਹੁਣ ਤੱਕ ਬੈਚ-2015 ਦੇ ਕੁੱਲ 480 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ।

4. 28 ਅਕਤੂਬਰ ਨੂੰ ਯੂਨੀਵਰਸਿਟੀ ਵਿਖੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ 100ਵੀਂ ਵਰ੍ਹੇ ਗੰਢ ਦੇ ਮੌਕੇ 'ਤੇ Kamagata Maru Episode ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਡਾ. ਦਲਜੀਤ ਸਿੰਘ ਚੀਮਾ, ਸਿੱਖਿਆ ਮੰਤਰੀ, ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਤੇ ਉਨ੍ਹਾਂ ਨੇ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਕਿਤਾਬ Reflections on Gadar Movement ਰਲੀਜ਼ ਕੀਤੀ। ਇਸ ਤੋਂ ਇਲਾਵਾ ਗਦਰ ਅੰਦੋਲਨ ਦੇ ਆਜ਼ਾਦੀ ਘੁਲਾਟੀਆਂ ਵਲੋਂ ਪਾਏ ਯੋਗਦਾਨ ਬਾਰੇ ਭਾਈ ਗੁਰਦਾਸ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ ਡਾ. ਐਚ.ਐਸ. ਚੋਪੜਾ ਵਲੋਂ ਲਿਖੀ ਬਿਬਲੀਓਗ੍ਰਾਫੀ ਵੀ ਰਲੀਜ਼ ਕੀਤੀ ਗਈ।

5. 17 ਸਤੰਬਰ ਤੋਂ 30 ਅਕਤੂਬਰ ਤੱਕ ਯੁਵਕ ਭਲਾਈ ਵਿਭਾਗ ਵੱਲੋਂ ਸਾਲ 2014-15 ਲਈ ਯੂਨੀਵਰਸਿਟੀ ਜ਼ੋਨਲ ਅਤੇ ਅੰਤਰ-ਜ਼ੋਨਲ ਯੁਵਕ ਮੇਲਿਆਂ ਦਾ ਆਯੋਜਨ ਕੀਤਾ ਗਿਆ। 30 ਅਕਤੂਬਰ ਨੂੰ ਸਮਾਪਤੀ ਸਮਾਰੋਹ ਦੌਰਾਨ ਸ. ਸੁਰਜੀਤ ਸਿੰਘ ਰੱਖੜਾ, ਮਾਨਯੋਗ ਮੰਤਰੀ ਹਾਇਰ ਐਜੂਕੇਸ਼ਨ, ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।

6. ਕੈਮਿਸਟਰੀ ਵਿਭਾਗ ਦੇ ਪ੍ਰੋਫੈਸਰ ਸਵਪਨਦੀਪ ਸਿੰਘ ਚਿਮਨੀ ਨੂੰ ਉਨ੍ਹਾਂ ਵੱਲੋਂ ਆਪਣੇ ਵਿਸ਼ੇ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ ਸਾਲ 2014 ਦੇ CCRS Award ਨਾਲ ਸਨਮਾਨਿਤ ਕੀਤਾ ਗਿਆ ਹੈ।

7. ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਦੇ ਪ੍ਰੋਫੈਸਰ ਨਰਪਿੰਦਰ ਸਿੰਘ ਨੂੰ ਸਾਲ 2014-15 ਲਈ Association of Food Scientists and Technologists, India (AFSTI) ਦਾ President ਚੁਣਿਆ ਗਿਆ ਹੈ।

8. 3-5 ਨਵੰਬਰ ਨੂੰ ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵਲੋਂ ਅੰਮ੍ਰਿਤਸਰ ਸੀ.ਐਮ.ਸੀ. ਵਾਤਾਵਰਨ ਅਤੇ ਪੰਜਾਬ ਸਟੇਟ ਕੌਂਸਲ ਫਾਰ

ਸਾਇੰਸ ਤੇ ਟੈਕਨਾਲੋਜੀ ਦੇ ਸਹਿਯੋਗ ਨਾਲ ਤਿੰਨ ਦਿਨਾ ਵਾਤਾਵਰਨ ਤੇ ਜੰਗਲ ਜੀਵ ਵਿਸ਼ੇ 'ਤੇ ਫਿਲਮ ਫੈਸਟੀਵਲ ਕਰਵਾਇਆ ਗਿਆ ਜਿਸ ਵਿਚ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਤੇ ਟੈਕਨਾਲੋਜੀ ਦੇ ਐਡੀਸ਼ਨਲ ਡਾਇਰੈਕਟਰ ਡਾ. ਸਤਨਾਮ ਸਿੰਘ ਲੱਧੜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ।

9. 26-27 ਨਵੰਬਰ ਨੂੰ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ ਗੁਰੂ ਨਾਨਕ ਬਾਣੀ ਦਾ ਵਿਆਖਿਆ ਸ਼ਾਸਤਰ: ਵਿਭਿੰਨ ਪਰਿਪੇਖ ਵਿਸ਼ੇ 'ਤੇ 29ਵਾਂ ਸਾਲਾਨਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਡਾ. ਜੇ.ਐਸ. ਨੇਕੀ, ਨਵੀਂ ਦਿੱਲੀ, ਪ੍ਰੋਫੈਸਰ ਸੁਰਜੀਤ ਕੌਰ ਚਾਹਲ, ਪੂਣੇ ਅਤੇ ਪ੍ਰੋਫੈਸਰ ਜੋਧ ਸਿੰਘ, ਪਟਿਆਲਾ ਨੇ ਭਾਸ਼ਣ ਦਿੱਤੇ।

10. 14 ਨਵੰਬਰ ਨੂੰ ਹਿਊਮਨ ਜੈਨੇਟਿਕਸ ਵਿਭਾਗ ਵਲੋਂ ਜਸਵੰਤ ਸਿੰਘ ਰਾਏ ਯਾਦਗਾਰੀ ਭਾਸ਼ਣ ਕਰਵਾਇਆ ਗਿਆ। ਇਹ ਭਾਸ਼ਣ ਇੰਡੀਅਨ ਇੰਸਟੀਚਿਊਟ ਆਫ ਸਾਇੰਸ, ਬੰਗਲੌਰ ਦੇ ਪ੍ਰਸਿੱਧ ਵਿਗਿਆਨੀ, ਪ੍ਰੋਫੈਸਰ ਅਰੁਣ ਕੁਮਾਰ ਨੇ ਦਿੱਤਾ।

11. 19 ਦਸੰਬਰ ਨੂੰ ਪੰਜਾਬ ਸਕੂਲ ਆਫ ਇਕਨਾਮਿਕਸ ਵਲੋਂ ਵਿਸ਼ਵ ਖੋਜ ਤੇ ਵਿਕਾਸ ਦੇ ਮੌਜੂਦਾ ਸੰਦਰਭ 'ਚ ਭਾਰਤ ਦਾ ਸਥਾਨ ਵਿਸ਼ੇ 'ਤੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਭਾਸ਼ਨ ਕਰਵਾਇਆ ਗਿਆ ਜੋ ਕਿ ਆਈ.ਟੀ.ਆਈ. ਰੁੜਕੀ ਦੇ ਪ੍ਰੋਫੈਸਰ ਡੀ.ਕੇ. ਨੌਰੀਆਲ ਨੇ ਦਿੱਤਾ।

12. ਯੂ.ਜੀ.ਸੀ. ਵੱਲੋਂ ਯੂਨੀਵਰਸਿਟੀ ਦੇ ਪੱਟੀ; ਅਤੇ ਵੇਰਕਾ ਵਿਖੇ ਕਾਲਜਾਂ ਨੂੰ ਬੀ.ਵੋਕੇਸ਼ਨਲ ਕੋਰਸਾਂ ਲਈ 65-65 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ।

13. **ਅਕਾਦਮਿਕ ਸਟਾਫ ਕਾਲਜ ਦੀਆਂ ਗਤੀਵਿਧੀਆਂ:-**

- 17 ਨਵੰਬਰ ਤੋਂ 7 ਦਸੰਬਰ ਤੱਕ Disaster Management ਵਿਸ਼ੇ 'ਤੇ 21 ਦਿਨਾ ਰਿਫਰੈਸ਼ਰ ਕੋਰਸ ਦਾ ਆਯੋਜਨ ਕੀਤਾ ਗਿਆ। ਇਸ ਰਿਫਰੈਸ਼ਰ ਕੋਰਸ ਦਾ ਉਦਘਾਟਨ ਡਾ. ਰਾਜੀਵ ਭੱਲਾ, ਸਿਵਲ ਸਰਜਨ, ਅੰਮ੍ਰਿਤਸਰ ਨੇ ਕੀਤਾ। ਇਸ ਤੋਂ ਇਲਾਵਾ Disaster Management Experts ਨੇ ਵੱਖ-ਵੱਖ ਦਿਨਾਂ 'ਤੇ participants ਨੂੰ ਇਸ ਵਿਸ਼ੇ ਬਾਰੇ ਜਾਗਰੂਕ ਕੀਤਾ।
- 25 ਨਵੰਬਰ ਤੋਂ 15 ਦਸੰਬਰ ਤੱਕ ਕੰਪਿਊਟਰ ਸਾਇੰਸ, ਇਲੈਕਟ੍ਰਾਨਿਕਸ, ਇਨਫਰਮੇਸ਼ਨ ਟੈਕਨਾਲੋਜੀ ਅਤੇ ਇੰਜੀਨੀਅਰਿੰਗ ਐਪਲੀਕੇਸ਼ਨ ਵਿਸ਼ਿਆਂ ਸਬੰਧੀ 21 ਦਿਨਾ ਰਿਫਰੈਸ਼ਰ ਕੋਰਸ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ Dr. Rajiv Vij, Joint Director, Institute of Nuclear Medicine & Allied Sciences (INAMS), Defence Research & Development Organisation (DRDO), New Delhi ਮੁੱਖ ਮਹਿਮਾਨ ਸਨ।

14. **ਖੇਡ ਵਿਭਾਗ ਦੀਆਂ ਗਤੀਵਿਧੀਆਂ:-**

- ਯੂਨੀਵਰਸਿਟੀ ਦੀ ਖਿਡਾਰਨ Kezia Vargese ਨੇ ਅਕਤੂਬਰ, 2014 ਵਿਚ ਥਾਈਲੈਂਡ ਵਿਖੇ ਹੋਈ Asia Cycling Cup (Senior) ਵਿਚ ਭਾਰਤ ਦੀ ਪ੍ਰਤੀਨਿਧਤਾ ਕੀਤੀ ਅਤੇ ਸਿਲਵਰ ਮੈਡਲ ਪ੍ਰਾਪਤ ਕੀਤਾ।

ਉਸ ਨੇ ਜੁਲਾਈ, 2014 ਨੂੰ ਸਕਾਟਲੈਂਡ ਵਿਖੇ ਹੋਈਆਂ Commonwealth Games ਅਕਤੂਬਰ, 2014 ਨੂੰ ਸਾਊਥ ਕੋਰੀਆ ਵਿਖੇ ਹੋਈਆਂ Asian Games ਅਤੇ ਨਵੰਬਰ, 2014 ਨੂੰ USA ਵਿਖੇ ਹੋਈ World Cup ਵਿਚ ਵੀ ਹਿੱਸਾ ਲਿਆ।

- 17-19 ਅਕਤੂਬਰ ਨੂੰ USA ਵਿਖੇ ਹੋਈ World Powerlifting Championship ਵਿਚ ਯੂਨੀਵਰਸਿਟੀ ਦੀ ਖਿਡਾਰਨ ਪੂਜਾ ਨੇ ਭਾਰਤ ਦੀ ਪ੍ਰਤੀਨਿੱਧਤਾ ਕੀਤੀ ਅਤੇ ਚੈਂਪੀਅਨਸ਼ਿਪ ਵਿਚ ਛੇ ਗੋਲਡ ਮੈਡਲ ਜਿੱਤੇ।
- ਯੂਨੀਵਰਸਿਟੀ ਦੀਆਂ ਦੋ ਖਿਡਾਰਨਾਂ ਸੁਸ਼ਮਾ ਵਰਮਾ ਅਤੇ ਸਨੇਹ ਰਾਣਾ ਭਾਰਤੀ ਕ੍ਰਿਕੇਟ ਵਿਮਨ ਟੀਮ ਦੀਆਂ ਮੈਂਬਰ ਚੁਣੀਆਂ ਗਈਆਂ ਹਨ।
- 2-5 ਨਵੰਬਰ ਨੂੰ ਦਿੱਲੀ ਵਿਖੇ ਹੋਈ Senior Open National Athletics Championship ਵਿਚ ਯੂਨੀਵਰਸਿਟੀ ਦੇ ਜਸਪ੍ਰੀਤ ਸਿੰਘ ਨੇ ਹਿੱਸਾ ਲਿਆ ਅਤੇ ਸ਼ਾਰਟ ਪੁਟ ਮੁਕਾਬਲੇ ਵਿਚ ਸਿਲਵਰ ਮੈਡਲ ਪ੍ਰਾਪਤ ਕੀਤਾ।
- 14-16 ਨਵੰਬਰ ਨੂੰ ਯੂਨੀਵਰਸਿਟੀ ਕੈਂਪਸ ਵਿਖੇ ਆਯੋਜਿਤ ਹੋਈਆਂ ਮਹਿਲਾ ਅਤੇ ਪੁਰਸ਼ ਅੰਤਰ-ਵਰਸਿਟੀ ਸਾਈਕਲਿੰਗ ਚੈਂਪੀਅਨਸ਼ਿਪ ਦੀਆਂ ਦੋਵੇਂ ਟਰਾਫੀਆਂ ਯੂਨੀਵਰਸਿਟੀ ਨੇ ਜਿੱਤੀਆਂ, ਜਿਸ ਵਿਚ ਯੂਨੀਵਰਸਿਟੀ ਦੇ ਪੁਰਸ਼ ਵਰਗ ਨੇ ਛੇ ਗੋਲਡ, ਦੋ ਸਿਲਵਰ, ਤਿੰਨ ਬ੍ਰਾਂਜ਼ ਮੈਡਲ ਅਤੇ ਮਹਿਲਾ ਵਰਗ ਨੇ ਚਾਰ ਗੋਲਡ, ਤਿੰਨ ਸਿਲਵਰ ਅਤੇ ਦੋ ਬ੍ਰਾਂਜ਼ ਮੈਡਲ ਜਿੱਤੇ। ਇਸ ਚੈਂਪੀਅਨਸ਼ਿਪ ਵਿਚ ਦੇਸ਼ ਭਰ ਤੋਂ ਲਗਭਗ 300 ਖਿਡਾਰੀਆਂ ਨੇ ਹਿੱਸਾ ਲਿਆ।
- ਨਵੰਬਰ, 2014 ਨੂੰ ਦਿੱਲੀ ਵਿਖੇ ਹੋਏ Asia Cycling Cup ਵਿਚ ਯੂਨੀਵਰਸਿਟੀ ਦੇ ਅਮਰਜੀਤ ਸਿੰਘ ਅਤੇ ਪਾਰਵਤੀ ਵੀ.ਜੀ. ਨੇ ਭਾਰਤ ਦੀ ਪ੍ਰਤੀਨਿੱਧਤਾ ਕੀਤੀ ਜਿਸ ਵਿਚ ਅਮਰਜੀਤ ਸਿੰਘ ਨੇ ਇਕ ਸਿਲਵਰ ਅਤੇ ਇਕ ਬ੍ਰਾਂਜ ਮੈਡਲ ਅਤੇ ਪਾਰਵਤੀ ਵੀ.ਜੀ. ਨੇ ਬ੍ਰਾਂਜ ਮੈਡਲ ਜਿੱਤਿਆ।
- 23-27 ਨਵੰਬਰ ਨੂੰ ਕੁਰੁਕਸ਼ੇਤਰਾ ਵਿਖੇ ਹੋਈ All India Inter-University Championship 2014-15 ਵਿਚ ਯੂਨੀਵਰਸਿਟੀ ਦੀ Archery Team (Men & Women) Overall runners-up ਰਹੀਆਂ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਡਾ. ਗੀਤਾ ਹੁੰਦਲ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਵੱਲੋਂ ਮੁਖੀ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਮਰਥਾ ਦਰਸਾਏ ਜਾਣ ਕਾਰਣ ਡਾ. ਮਨੋਜ ਕੁਮਾਰ ਦੀ ਮੁਖੀ, ਕੈਮਿਸਟਰੀ ਵਿਭਾਗ ਵਜੋਂ ਨਿਯੁਕਤੀ; ਅਤੇ ਡਾ. ਮਨੋਜ ਕੁਮਾਰ, ਮੁਖੀ ਦੀ ਮਿਆਦ ਖਤਮ ਹੋਣ ਉਪਰੰਤ ਡਾ. ਗੀਤਾ ਹੁੰਦਲ ਦੀ ਮੁਖੀ ਵਜੋਂ ਨਿਯੁਕਤੀ ਦੀ ਪ੍ਰਵਾਨਗੀ।**

37. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਡਾ. ਗੀਤਾ ਹੁੰਦਲ, ਪ੍ਰੋਫੈਸਰ, ਕੈਮਿਸਟਰੀ ਵਿਭਾਗ, ਜਿਨ੍ਹਾਂ ਦੀ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਸਟੈਚਿਊਟ 3 ਅਧੀਨ ਉਕਤ ਵਿਭਾਗ ਦੇ ਮੁਖੀ ਵਜੋਂ ਮਿਤੀ 1.1.2015 ਤੋਂ ਤਿੰਨ ਸਾਲ ਲਈ ਵਾਰੀ ਆਉਂਦੀ ਹੈ, ਵੱਲੋਂ ਮੁਖੀ ਵਿਭਾਗ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਮਰਥਾ ਦਰਸਾਏ ਜਾਣ ਕਾਰਣ ਉਨ੍ਹਾਂ ਤੋਂ ਅਗਲੇ ਸੀਨੀਅਰ-ਮੋਸਟ ਪ੍ਰੋਫੈਸਰ- ਡਾ. ਮਨੋਜ ਕੁਮਾਰ ਨੂੰ ਮਿਤੀ 1.1.2015 ਤੋਂ 31.12.2017 ਤੱਕ ਤਿੰਨ ਸਾਲ ਲਈ ਕੈਮਿਸਟਰੀ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ।

(ਅ) ਉਕਤ (ੳ) ਅਧੀਨ ਡਾ. ਮਨੋਜ ਕੁਮਾਰ ਦੀ ਮੁਖੀ ਵਿਭਾਗ ਦੀ ਤਿੰਨ ਸਾਲ ਦੀ ਮਿਆਦ ਖਤਮ ਹੋਣ ਜਾਂ ਉਨ੍ਹਾਂ ਵਲੋਂ ਮੁਖੀ ਵਿਭਾਗ ਵਜੋਂ ਅਸਤੀਫਾ ਦੇਣ ਦੀ ਸੂਰਤ ਵਿਚ ਡਾ. ਗੀਤਾ ਹੁੰਦਲ ਦੀ ਮੁਖੀ ਵਿਭਾਗ ਵਜੋਂ ਤਿੰਨ ਸਾਲ ਦੀ ਮਿਆਦ ਲਈ ਨਿਯੁਕਤੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਡਾ. ਅਮਰਜੀਤ ਸਿੰਘ ਸੇਠੀ, ਪ੍ਰੋਫੈਸਰ (ਰਿਟਾ.) (ਮੁੜ-ਨਿਯੁਕਤ) ਦੀ ਮਿਆਦ ਵਿਚ ਹੋਰ ਦੋ ਸਾਲ ਦਾ ਵਾਧਾ।**

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਅਮਰਜੀਤ ਸਿੰਘ ਸੇਠੀ, ਪ੍ਰੋਫੈਸਰ (ਰਿਟਾ.), ਪੰਜਾਬ ਸਕੂਲ ਆਫ ਇਕਨਾਮਿਕਸ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 31.12.2014 ਨੂੰ ਪੂਰੀ ਹੋਣ ਵਾਲੀ ਹੈ, ਸਬੰਧੀ ਸਿੰਡੀਕੇਟ ਦੀ ਇੱਕਤਰਤਾ ਮਿਤੀ 14.10.2014 ਦੇ ਪੈਰਾ 64 ਰਾਹੀਂ ਲਏ ਨਿਰਣੇ ਅਨੁਸਾਰ ਉਨ੍ਹਾਂ ਦੇ ਪਿਛਲੇ ਤਿੰਨ ਸਾਲ ਦੇ ਖੋਜ ਕਾਰਜ ਦੀ ਅਸੈਸਮੈਂਟ ਰਿਪੋਰਟ ਲੈਣ ਸਬੰਧੀ ਤਿੰਨ ਵਿਸ਼ਾ ਵਿਸ਼ੇਸ਼ਗਾਂ (Subject Experts) ਦੀਆਂ ਰਿਪੋਰਟਾਂ **(ਅੰਤਿਕਾ ਅਨੁਸਾਰ)** ਹਾਂ ਪੱਖੀ ਹੋਣ ਕਾਰਣ ਉਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਹੋਰ ਦੋ ਸਾਲ ਦਾ ਵਾਧਾ ਕੀਤਾ ਜਾਂਦਾ ਹੈ।

**ਡਾ. ਮਨਮੋਹਨ ਸਿੰਘ ਗਿੱਲ, ਪ੍ਰਿੰਸੀਪਲ, ਯੂਨੀਵਰਸਿਟੀ ਕਾਲਜ, ਚੁੰਘ (ਤਰਨ-ਤਾਰਨ) ਨੂੰ ਬੈਂਕਾਕ ਜਾਣ ਦੀ ਆਗਿਆ ਦੀ ਪੁਸ਼ਟੀ।**

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਮਨਮੋਹਨ ਸਿੰਘ ਗਿੱਲ, ਪ੍ਰਿੰਸੀਪਲ, ਯੂਨੀਵਰਸਿਟੀ ਕਾਲਜ, ਚੁੰਘ (ਤਰਨ-ਤਾਰਨ) ਨੂੰ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 24.12.2014 ਤੋਂ 29.12.2014 ਤੱਕ ਬੈਂਕਾਕ ਜਾਣ ਦੀ ਆਗਿਆ ਦਿੱਤੀ ਹੈ।

**ਡਾ. ਜਗਜੀਤ ਸਿੰਘ, ਅਸਿਸਟੈਂਟ ਪ੍ਰੋਫੈਸਰ, ਗਣਿਤ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ ਦੀ ਬਿਨਾਂ ਤਨਖਾਹ ਅਸਾਧਾਰਣ ਛੁੱਟੀ ਦੀ ਪੁਸ਼ਟੀ।**

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ ਡਾ. ਜਗਜੀਤ ਸਿੰਘ, ਅਸਿਸਟੈਂਟ ਪ੍ਰੋਫੈਸਰ, ਗਣਿਤ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ ਦੀ UIET, ਪੰਜਾਬ ਯੂਨੀਵਰਸਿਟੀ, ਚੰਡੀਗੜ ਵਿਖੇ ਬਤੌਰ ਅਸਿਸਟੈਂਟ ਪ੍ਰੋਫੈਸਰ ਜਾਇਨ ਕਰਨ ਹਿੱਤ ਮਿਤੀ 24.12.2014 ਤੋਂ ਇਕ ਸਾਲ ਲਈ ਬਿਨਾਂ ਤਨਖਾਹ ਅਸਾਧਾਰਣ ਛੁੱਟੀ ਪ੍ਰਵਾਨ ਕੀਤੀ ਹੈ।

**ਡਾ. ਰਾਜੇਸ਼ ਕੁਮਾਰ, ਅਸਿਸਟੈਂਟ ਪ੍ਰੋਫੈਸਰ, ਸਕੂਲ ਆਫ ਸੋਸ਼ਲ ਸਾਇੰਸਜ਼ ਨੂੰ ਖੋਜ ਪੱਤਰ ਪੇਸ਼ ਕਰਨ ਲਈ ਢਾਕਾ(ਬੰਗਲਾਦੇਸ਼) ਵਿਖੇ ਜਾਣ ਦੀ ਆਗਿਆ ਦੀ ਪੁਸ਼ਟੀ।**

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਰਾਜੇਸ਼ ਕੁਮਾਰ, ਅਸਿਸਟੈਂਟ ਪ੍ਰੋਫੈਸਰ, ਸਕੂਲ ਆਫ ਸੋਸ਼ਲ ਸਾਇੰਸਜ਼ ਨੂੰ ਮਿਤੀ 4.12.2014 ਤੋਂ 8.12.2014 ਤੱਕ 5 ਦਿਨਾਂ ਦੀ ਕਮਾਈ ਛੁੱਟੀ ਪਰਦਾਨ ਕਰਦਿਆਂ ਢਾਕਾ (ਬੰਗਲਾਦੇਸ਼) ਵਿਖੇ ਹੋ ਰਹੀ “11th International NAPSIPAG Conference” ਵਿਚ ਆਪਣਾ ਖੋਜ ਪੱਤਰ ਪੇਸ਼ ਕਰਨ ਦੀ ਆਗਿਆ ਦਿੱਤੀ ਹੈ।

**ਡਾ. ਅਮਨ ਮਹਾਜਨ, ਅਸਿਸਟੈਂਟ ਪ੍ਰੋਫੈਸਰ, ਫਿਜਿਕਸ ਵਿਭਾਗ ਨੂੰ ਬਿਨਾਂ ਕਿਸੇ ਵਿਤੀ ਸਹਾਇਤਾ ਤੋਂ ਫਰਾਂਸ ਵਿਖੇ ਸੈਮੀਨਾਰ ਵਿਚ ਸ਼ਾਮਲ ਹੋਣ ਦੀ ਪ੍ਰਵਾਨਗੀ।**

42. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਅਮਨ ਮਹਾਜਨ, ਅਸਿਸਟੈਂਟ ਪ੍ਰੋਫੈਸਰ, ਫਿਜਿਕਸ ਵਿਭਾਗ ਨੂੰ ਮਿਤੀ 10.2.2015 ਤੋਂ 13.2.2015 ਤੱਕ ਕਮਾਈ ਛੁੱਟੀ ਪਰਦਾਨ ਕਰਦਿਆਂ ‘to deliver an invited talk on “Phthalocyanine based organic semiconducting nanostructures and nanocomposites for chemiresistive gas sensing applications” in INDO-FRENCH SEMINAR ON SEMI CONDUCTOR GAS SENSORS ਲਈ Reims, France ਵਿਖੇ ਸ਼ਾਮਲ ਹੋਣ ਲਈ ਬਿਨਾਂ ਕਿਸੇ ਵਿਤੀ ਸਹਾਇਤਾ ਤੋਂ ਜਾਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸ਼੍ਰੀ ਹਰਦੀਪ ਸਿੰਘ ਘੁੰਮਣ, ਅਸਿਸਟੈਂਟ ਪ੍ਰੋਫੈਸਰ, ਜੀ.ਜੀ.ਐਸ. ਖਾਲਸਾ ਕਾਲਜ, ਸਰਹਾਲੀ ਵਿਰੁੱਧ** Plagiarism **ਦੀ ਸ਼ਿਕਾਇਤ ਕਾਰਣ** Regular Enquiry **ਕਰਨ ਦੀ ਪ੍ਰਵਾਨਗੀ।**

43. ਸ਼੍ਰੀ ਹਰਦੀਪ ਸਿੰਘ ਘੁੰਮਣ, ਅਸਿਸਟੈਂਟ ਪ੍ਰੋਫੈਸਰ, ਜੀ.ਜੀ.ਐਸ. ਖਾਲਸਾ ਕਾਲਜ, ਸਰਹਾਲੀ ਵਿਰੁੱਧ ਡਾ. ਪਰਵੀਨ ਮਲਿਕ ਵੱਲੋਂ Plagiarism ਸਬੰਧੀ ਪੁੱਜੀ ਸ਼ਿਕਾਇਤ (**ਅੰਤਿਕਾ** ਅਨੁਸਾਰ) ਕਾਰਣ ਸ਼੍ਰੀ ਹਰਦੀਪ ਸਿੰਘ ਵਿਰੁੱਧ ਅਨੁਸਾਸ਼ਨੀ ਕਾਰਵਾਈ ਕਰਨ ‘ਤੇ ਵਿਚਾਰ ਹੋਈ।

ਕੇਸ ‘ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਹਰਦੀਪ ਸਿੰਘ ਘੁੰਮਣ, ਅਸਿਸਟੈਂਟ ਪ੍ਰੋਫੈਸਰ, ਜੀ.ਜੀ.ਐਸ. ਖਾਲਸਾ ਕਾਲਜ, ਸਰਹਾਲੀ ਵਿਰੁੱਧ Regular Enquiry ਕੀਤੀ ਜਾਵੇ। ਇਨਕੁਆਰੀ ਅਫਸਰ ਦੀ ਨਿਯੁਕਤੀ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸ਼੍ਰੀ ਕੇ.ਬੀ. ਸਪਰਾ, ਸਹਾਇਕ ਰਜਿਸਟਰਾਰ ਦੀ ਕੰਟ੍ਰੈਕਟ ਆਧਾਰ ‘ਤੇ ਮੁੜ-ਨਿਯੁਕਤੀ।**

44. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਹੋਈ ਕਿ ਸ਼੍ਰੀ ਕੇ.ਬੀ. ਸਪਰਾ, ਸਹਾਇਕ ਰਜਿਸਟਰਾਰ (ਰਜਿਸਟ੍ਰੇਸ਼ਨ ਅਤੇ ਐਸਟੇਟ ਵਿੰਗ), ਜੋ ਮਿਤੀ 31.12.2014 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਮਿਤੀ 1.1.2015 ਤੋਂ 6 ਮਹੀਨੇ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਬਣਦੀ ਤਨਖਾਹ (Last Pay Drawn – Pension)‘ਤੇ ਕੰਟ੍ਰੈਕਟ ਆਧਾਰ ‘ਤੇ ਮੁੜ-ਨਿਯੁਕਤ ਕੀਤਾ ਜਾਵੇ।

**ਪਾਸ ਹੋਇਆ** ਕਿ ਸ਼੍ਰੀ ਕੇ.ਬੀ. ਸਪਰਾ, ਸਹਾਇਕ ਰਜਿਸਟਰਾਰ (ਰਜਿਸਟ੍ਰੇਸ਼ਨ ਅਤੇ ਐਸਟੇਟ ਵਿੰਗ), ਜੋ ਮਿਤੀ 31.12.2014 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਮਿਤੀ 1.1.2015 ਤੋਂ 6 ਮਹੀਨੇ ਲਈ 30,000/- ਰੁਪਏ ਪ੍ਰਤੀ ਮਹੀਨਾ ਬੱਝਵੀ ਤਨਖਾਹ ‘ਤੇ ਕੰਟ੍ਰੈਕਟ ਆਧਾਰ ‘ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

**ਸ਼੍ਰੀਮਤੀ ਤਲਵਿੰਦਰ ਕੌਰ, ਨਿੱਜੀ ਸਹਾਇਕ, ਡੀਨ, ਵਿਦਿਆਰਥੀ ਭਲਾਈ ਦੀ ਕੈਨੇਡਾ ਜਾਣ ਦੀ ਪੁਸ਼ਟੀ।**

45. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀਮਤੀ ਤਲਵਿੰਦਰ ਕੌਰ, ਨਿੱਜੀ ਸਹਾਇਕ, ਡੀਨ ਵਿਦਿਆਰਥੀ ਭਲਾਈ ਨੂੰ ਮਿਤੀ 22.12.2014 ਤੋਂ 11.2.2015 ਤੱਕ 52 ਦਿਨਾਂ ਦੀ ਕਮਾਈ ਛੁੱਟੀ ਪ੍ਰਦਾਨ ਕਰਦਿਆਂ ਬੱਚਿਆਂ ਨੂੰ ਮਿਲਣ ਅਤੇ ਬੇਟੇ ਦੀ ਸ਼ਾਦੀ ਵਾਸਤੇ ਕੈਨੇਡਾ ਵਿਖੇ ਜਾਣ ਦੀ ਆਗਿਆ ਦਿੱਤੀ ਹੈ।

**ਸ਼੍ਰੀ ਚਮੇਲ ਸਿੰਘ, ਦਫਤਰੀ ਦੀ ਕੰਟ੍ਰੈਕਟ ਆਧਾਰ 'ਤੇ ਮੁੜ-ਨਿਯੁਕਤੀ।**

46. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਚਮੇਲ ਸਿੰਘ, ਦਫਤਰੀ (ਉਸਾਰੀ ਵਿਭਾਗ), ਜੋ ਮਿਤੀ 31.8.2014 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਚੁੱਕੇ ਹਨ, ਨੂੰ ਮਿਤੀ 1.1.2015 ਤੋਂ 3 ਮਹੀਨੇ ਲਈ 8,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਕੰਟ੍ਰੈਕਟ ਆਧਾਰ 'ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

**ਸ. ਗੁਰਦੀਪ ਸਿੰਘ ਸੁਰੱਖਿਆ ਗਾਰਡ ਦੀ ਮੁੜ ਨਿਯੁਕਤੀ।**

47. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ. ਗੁਰਦੀਪ ਸਿੰਘ, ਸੁਰੱਖਿਆ ਗਾਰਡ, ਸੁਰੱਖਿਆ ਵਿਭਾਗ, ਜੋ ਮਿਤੀ 31.12.2014 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਨਿਯਮਾਂ ਅਨੁਸਾਰ ਮਿਲਣਯੋਗ ਤਨਖਾਹ (Last Pay Drawn – Pension) 'ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ।

**ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (NCTE), ਨਵੀਂ ਦਿੱਲੀ ਵੱਲੋਂ ਜਾਰੀ ਨੋਟੀਫਿਕੇਸ਼ਨ ਅਡਾਪਟ ਕਰਨ ਦੀ ਪ੍ਰਵਾਨਗੀ।**

48. ਵਿਚਾਰ ਉਪਰੰਤ

**ਪਾਸ ਹੋਇਆ** ਕਿ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (NCTE), ਨਵੀਂ ਦਿੱਲੀ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ:F.51-1/2014-NCTE (N&S) ਮਿਤੀ 28.11.2014 (**ਅੰਤਿਕਾ ਅਨੁਸਾਰ**) ਇਸ ਯੂਨੀਵਰਸਿਟੀ ਵਿਖੇ ਅਡਾਪਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਵਿਭਾਗ ਦਾ ਨਾਕਾਰਾ ਅਤੇ ਨਾ-ਵਰਤੋਂਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

49. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਵਿਖੇ **1,46,605/-** ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 26.9.2014 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਸਮੈਸਟਰ ਸਿਸਟਮ ਅਧੀਨ ਦਾਖਲੇ ਸਬੰਧੀ ਨਿਯਮ 'Common Ordinances for colleges/Private/ Capacity Enhancement Programme' ਅਧੀਨ ਸ਼ਾਮਲ ਕਰਨ ਦੀ ਸੋਧ/ ਵਾਧੇ ਸਹਿਤ ਪੁਸ਼ਟੀ।**

50. ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇਕੱਤਰਤਾ ਮਿਤੀ 23.12.2013 ਦੇ ਪੈਰਾ ਨੰ: 51 ਰਾਹੀਂ ਸਮੈਸਟਰ ਸਿਸਟਮ ਅਧੀਨ ਦਾਖਲਿਆਂ ਬਾਰੇ ਪਾਸ ਕੀਤੇ ਹੇਠ ਲਿਖੇ ਨਿਯਮ ਨੂੰ 'Common Ordinances for colleges/Private/Capacity Enhancement Programme' ਅਧੀਨ ਸ਼ਾਮਲ ਕਰਨ ਦੀ ਪਰਵਾਨਗੀ ਦਿੱਤੀ ਹੈ:-

> " the candidate shall be treated to be failing in the courses offered in the semester in which he has not sought admission and such courses/papers in which the candidate has failed shall be taken into account while deciding the promotion of the candidate in subsequent semester as per the condition. Since B.Com.(P) is a regular course for which regular admission and attendance is compulsory, the candidate shall be required to seek admission into the second semester examination as a regular candidate at the end of the prescribed duration of the course, but within the maximum time allowed to pass a course as given under para (h) of the ordinances, provided that he fulfills the all other requirements under the prevailing ordinances. It is further recommended that regular students admitted to a course must register/enroll themselves with the university in the very first semester of their admission and pay prescribed fee to the college/ University. This would imply that direct admission to second semester is not allowed. The same rule may be extended to private and capacity enhancement programme students. This decision may be extended to all such courses in which admission to a college is mandatory as a regular student."

ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਉਕਤ ਆਦੇਸ਼ਾਂ ਦੀ ਪੁਸ਼ਟੀ ਹੇਠ ਲਿਖੀ ਸੋਧ/ਵਾਧੇ ਸਹਿਤ ਕੀਤੀ ਜਾਂਦੀ ਹੈ:-

> " **Resolved that** the candidate shall be treated to be failing in the courses offered in the semester in which he has not sought admission/ dropped the semester and such courses/papers in which the candidate has failed shall be taken into account while deciding the promotion of the candidate in subsequent semester as per the condition. The candidate shall be required to seek admission into the second semester examination as a regular candidate at the end of the prescribed duration of the course, but within the maximum time allowed to pass a course as given under para (h) of the ordinances, provided that he fulfills the all other requirements under the prevailing ordinances. Regular students admitted to a course must register/enroll themselves with the university in the very first semester of their admission and pay prescribed fee to the college/ University. Direct admission to second semester is not allowed. The same rule may be extended to private and capacity enhancement programme students. It is extended to

all such courses in which admission to a college is mandatory as a regular student.

Further **Resolved that** the above provision is extended to all the Under Graduate, Post Graduate Courses & Diplomas. This provision will also be extended for subsequent Semesters."

**ਨਾਰਥ ਜੋਨ ਨੈਸ਼ਨਲ ਅਤੇ ਆਲ ਇੰਡੀਆ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ ਖੇਡਾਂ ਵਿਚ ਰੁਝੇ ਹੋਣ ਕਾਰਣ ਸਬੰਧਤ ਵਿਦਿਆਰਥੀਆਂ ਦੀ ਪ੍ਰੈਕਟੀਕਲ/ਥਿਊਰੀ ਪ੍ਰੀਖਿਆ ਖੇਡਾਂ ਦੀ ਸਮਾਪਤੀ ਤੋਂ ਬਾਅਦ ਕਰਵਾਉਣ ਦੀ ਪ੍ਰਵਾਨਗੀ।**

51. ਵਿਚਾਰ ਉਪਰੰਤ

**ਪਾਸ ਹੋਇਆ** ਕਿ **ਅੰਤਿਕਾ** ਵਿਚ ਦਰਸਾਏ ਵਿਦਿਆਰਥੀ, ਜੋ ਨਵੰਬਰ/ਦਸੰਬਰ, 2014 ਦੀਆਂ ਪ੍ਰੀਖਿਆਵਾਂ ਦੌਰਾਨ ਨਾਰਥ ਜੋਨ ਨੈਸ਼ਨਲ ਅਤੇ ਆਲ ਇੰਡੀਆ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ ਖੇਡਾਂ ਵਿਚ ਰੁੱਝੇ ਹੋਣ ਕਾਰਣ ਇਨ੍ਹਾਂ ਮਿਤੀਆਂ ਦੌਰਾਨ ਆਪਣੇ ਪ੍ਰੈਕਟੀਕਲ/ਥਿਊਰੀ ਵਿਸ਼ੇ ਦੀ ਪ੍ਰੀਖਿਆ ਨਹੀਂ ਦੇ ਸਕੇ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ, ਉਨ੍ਹਾਂ ਦੀ ਪ੍ਰੈਕਟੀਕਲ/ਥਿਊਰੀ ਵਿਸ਼ੇ ਦੀ ਪ੍ਰੀਖਿਆ ਖੇਡਾਂ ਦੀ ਸਮਾਪਤੀ ਤੋਂ ਬਾਅਦ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪਰਵਾਨਗੀ।**

52. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਅੱਗੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਸਰੋਜ ਅਰੋੜਾ, ਪ੍ਰੋਫੈਸਰ, ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ | International Conference on National Capacity Building Strategy for Sustainable Development and Poverty Allevition (NCBSSDPA-2015) to be held in Dubai from 26-28 May, 2015. |

**ਡੀ.ਪੀ.ਐਡ. ਕੋਰਸ ਦੇ ਅਧਿਆਦੇਸ਼ਾਂ ਦੀ ਪਰਵਾਨਗੀ।**

53. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 4.1.2014 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਸੈਸ਼ਨ 2014-15 ਤੋਂ ਡੀ.ਪੀ.ਐਡ. ਕੋਰਸ ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ।

**ਲੈਂਡ ਸਕੇਪ ਵਿਭਾਗ ਦਾ 1,62000/-ਰੁਪਏ ਕੀਮਤ ਦਾ ਨਾਕਾਰਾ ਅਤੇ ਨਾ-ਵਰਤੋਂਯੋਗ ਟ੍ਰੈਕਟਰ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

54. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਲੈਂਡ ਸਕੇਪ ਵਿਭਾਗ ਵਿਖੇ ਸਾਲ 1990 ਵਿਚ 1,62000/-ਰੁਪਏ ਕੀਮਤ ਦੇ ਖ੍ਰੀਦ ਕੀਤੇ ਟ੍ਰੈਕਟਰ ਨੰ: PB02 A-5810, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਾਕਾਰਾ ਅਤੇ ਨਾ-ਵਰਤੋਂਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ 'ਤੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 11.12.2014 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਯੂਨੀਵਰਸਿਟੀ ਵਿਖੇ 'ਟੂਰਿਜ਼ਮ ਅਤੇ ਹੋਸਪੀਟੈਲਿਟੀ' ਵਿਭਾਗ ਸਥਾਪਤ ਕਰਨ ਦੀ ਪ੍ਰਵਾਨਗੀ।**

55. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੋਟਲ ਅਤੇ ਟੂਰਿਜ਼ਮ ਦੇ ਖੇਤਰ ਵਿਚ ਬਹੁਤ ਵਿਕਾਸ ਹੋਣ ਕਾਰਣ ਇਸ ਖੇਤਰ ਵਿਚ trained Professionals ਦੀ ਲੋੜ ਨੂੰ ਮੁੱਖ ਰੱਖਦਿਆਂ ਇਸ ਯੂਨੀਵਸਿਟੀ ਵਿਖੇ ਅੰਡਰ-ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸ ਸ਼ੁਰੂ ਕਰਨ ਲਈ ਨਵਾਂ 'ਟੂਰਿਜ਼ਮ ਅਤੇ ਹੋਸਪੀਟੈਲਿਟੀ' ਵਿਭਾਗ ਮਿਤੀ 1.4.2015 ਤੋਂ ਸਥਾਪਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਪ੍ਰੈਸ ਅਤੇ ਪਬਲੀਕੇਸ਼ਨ ਕਮੇਟੀ ਦੀ ਇੱਕਤਰਤਾ ਮਿਤੀ 30.10.2014 ਦੀ ਮੱਦ ਨੰ: 4 ਅਧੀਨ ਰਾਇਲਟੀ ਦੇਣ ਬਾਰੇ।**

56. ਪ੍ਰੈਸ ਅਤੇ ਪਬਲੀਕੇਸ਼ਨ ਕਮੇਟੀ ਦੀ ਇੱਕਤਰਤਾ ਮਿਤੀ 30.10.2014 ਦੀ ਹੇਠ ਲਿਖੀ ਮੱਦ ਨੰ: 4 ਉੱਤੇ ਵਿਚਾਰ ਹੋਈ:-

**ਮੱਦ ਨੰ:4:-**

ਯੂਨੀਵਰਸਿਟੀ ਵੱਲੋਂ ਛਪੀਆਂ ਪੁਸਤਕਾਂ ਦੀ ਰਾਇਲਟੀ ਦੇਣ ਸਬੰਧੀ ਵਿਚਾਰ ਕਰਨੀ।

ਨੋਟ:- ਧਿਆਨ ਵਿੱਚ ਆਇਆ ਹੈ ਕਿ ਕਈ ਵਾਰ ਲੇਖਕਾਂ ਦੇ ਸਲਾਨਾ ਰਾਇਲਟੀ ਦੇ ਛੋਟੇ-ਛੋਟੇ ਚੈੱਕ ਜਿਵੇਂ 7/- ਰੁਪਏ ਕੋਈ 9/- ਰੁਪਏ ਦੇ ਹੁੰਦੇ ਹਨ ਜਿਹਨਾਂ ਨੂੰ ਸੰਬੰਧਿਤ ਨੂੰ ਭੇਜਣ ਤੇ ਦੁੱਗਣਾ ਖਰਚ ਹੋ ਜਾਂਦਾ ਹੈ। ਇਸ ਸਬੰਧੀ ਨਿਰਣਾ ਲੈਣ ਦੀ ਲੋੜ ਹੈ ਕਿ ਘੱਟੋ-ਘੱਟ ਕਿੰਨੀ ਕੀਮਤ ਦੇ ਚੈੱਕ ਸੰਬੰਧਿਤ ਨੂੰ ਭੇਜੇ ਜਾਇਆ ਕਰਨ।

ਉਪਰੋਕਤ ਸਬੰਧੀ ਫੈਸਲਾ ਲਿਆ ਗਿਆ ਕਿ ਜੇਕਰ ਅਜਿਹੀ ਸਲਾਨਾ ਰਾਇਲਟੀ 200/- ਰੁਪਏ ਤੋਂ ਘੱਟ ਬਣਦੀ ਹੋਵੇ ਤਾਂ ਇਹ ਅਦਾਇਗੀ ਸੰਬੰਧਿਤ ਲੇਖਕ ਨੂੰ ਨਾ ਕੀਤੀ ਜਾਇਆ ਕਰੇ।

**ਪਾਸ ਹੋਇਆ** ਕਿ ਪ੍ਰੈਸ ਅਤੇ ਪਬਲੀਕੇਸ਼ਨ ਕਮੇਟੀ ਦੀ ਇੱਕਤਰਤਾ ਮਿਤੀ 30.10.2014 ਦੀ ਉਕਤ ਮੱਦ ਨੰ: 4 ਰਾਹੀਂ ਲਿਆ ਗਿਆ ਨਿਰਣਾ ਪ੍ਰਵਾਨ ਕੀਤਾ ਜਾਂਦਾ ਹੈ।

**ਜੈਪੁਰ ਵਿਖੇ 2 ਜਨਰੇਟਰ ਸੈਟਾਂ ਦੇ ਕੇਸ ਦੀ ਪੈਰਵੀ ਹਿਤ ਵਕੀਲ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

57. ਇਸ ਯੂਨੀਵਰਸਿਟੀ ਵੱਲੋਂ M/s Choudhary Enterprises ਪਾਸੋਂ 500 ਕੇ.ਵੀ. ਦੇ ਖ੍ਰੀਦ ਕੀਤੇ 2 ਜਨਰੇਟਰ ਸੈਟ, ਜਿਸ ਦੀ ਅਦਾਇਗੀ ਯੂਨੀਵਰਸਿਟੀ ਵੱਲੋਂ ਕਰ ਦਿੱਤੀ ਗਈ ਸੀ, ਪ੍ਰੰਤੂ ਸਬੰਧਤ ਫਰਮ ਵੱਲੋਂ ਇਹ ਜਨਰੇਟਰ ਕੋਟਕ ਮਹਿੰਦਰਾ ਬੈਂਕ ਪਾਸੋਂ ਕਰਜਾ ਲੈ ਕੇ ਖ੍ਰੀਦ ਕੀਤੇ ਜਾਣ ਅਤੇ ਫਰਮ ਵੱਲੋਂ ਕਰਜੇ ਦੀ ਅਦਾਇਗੀ ਬੈਂਕ ਨੂੰ ਨਾ ਕਰਨ ਕਰਕੇ ਸਬੰਧਤ ਬੈਂਕ ਵੱਲੋਂ ਕਰਜੇ ਦੀ ਰਿਕਵਰੀ ਲਈ DRT, ਜੈਪੁਰ ਵਿਖੇ ਕੇਸ ਕਰਨ ਕਰਕੇ ਇਸ ਯੂਨੀਵਰਸਿਟੀ ਨੂੰ ਕੇਸ ਵਿਚ ਪਾਰਟੀ ਬਣਨ ਲਈ ਕੇਸ ਦੀ

ਪੈਰਵੀ ਹਿਤ ਸ਼੍ਰੀ ਸੁਨੀਲ ਪਾਲੀਵਾਲ, ਐਡਵੋਕੇਟ, ਜੈਪੁਰ ਨੂੰ 33,000/- ਰੁਪਏ ਫੀਸ + Cost ਦੀ ਅਦਾਇਗੀ ਕਰਨ 'ਤੇ ਵਿਚਾਰ ਕਰਨੀ।

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵੱਲੋਂ M/s Choudhary Enterprises ਪਾਸੋਂ 500 ਕੇ.ਵੀ. ਦੇ ਖ਼੍ਰੀਦ ਕੀਤੇ 2 ਜਨਰੇਟਰ ਸੈਟ, ਜਿਸ ਦੀ ਅਦਾਇਗੀ ਯੂਨੀਵਰਸਿਟੀ ਵੱਲੋਂ ਕਰ ਦਿੱਤੀ ਗਈ ਸੀ, ਪ੍ਰੰਤੂ ਸਬੰਧਤ ਫਰਮ ਵੱਲੋਂ ਇਹ ਜਨਰੇਟਰ ਕੋਟਕ ਮਹਿੰਦਰਾ ਬੈਂਕ ਪਾਸੋਂ ਕਰਜਾ ਲੈ ਕੇ ਖ਼੍ਰੀਦ ਕੀਤੇ ਜਾਣ ਅਤੇ ਫਰਮ ਵੱਲੋਂ ਕਰਜੇ ਦੀ ਅਦਾਇਗੀ ਬੈਂਕ ਨੂੰ ਨਾ ਕਰਨ ਕਰਕੇ ਸਬੰਧਤ ਬੈਂਕ ਵੱਲੋਂ ਕਰਜੇ ਦੀ ਰਿਕਵਰੀ ਲਈ DRT, ਜੈਪੁਰ ਵਿਖੇ ਕੇਸ ਕਰਨ ਕਰਕੇ ਇਸ ਯੂਨੀਵਰਸਿਟੀ ਨੂੰ ਕੇਸ ਵਿਚ ਪਾਰਟੀ ਬਣਕੇ ਪੂਰਾ ਕੇਸ ਲੜਨ ਲਈ ਯੂਨੀਵਰਸਿਟੀ ਵੱਲੋਂ 33000/- ਰੁਪਏ ਕੁੱਲ ਫ਼ੀਸ ਜਮ੍ਹਾਂ(plus) misc. expenses 'ਤੇ ਵਕੀਲ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਖਿਡਾਰੀਆਂ ਵੱਲੋਂ ਵੱਖ-ਵੱਖ ਖੇਡਾਂ ਵਿਚ ਵਧੀਆ ਪ੍ਰਦਰਸ਼ਨ ਕਾਰਣ ਹਰੇਕ ਖਿਡਾਰੀ ਨੂੰ 31,000/- ਰੁਪਏ ਇਨਾਮ ਵਜੋਂ ਨਕਦ ਰਾਸ਼ੀ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ।**

58. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਖਿਡਾਰੀਆਂ ਵੱਲੋਂ ਉਨ੍ਹਾਂ ਅੱਗੇ ਦਰਸਾਏ ਵੇਰਵੇ ਅਨੁਸਾਰ ਵੱਖ-ਵੱਖ ਖੇਡਾਂ ਵਿਚ ਵਧੀਆ ਪ੍ਰਦਰਸ਼ਨ ਕਾਰਣ ਹਰੇਕ ਖਿਡਾਰੀ ਨੂੰ 31,000/- ਰੁਪਏ ਇਨਾਮ ਵਜੋਂ ਨਕਦ ਰਾਸ਼ੀ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. Sushma Verma was member of Indian cricket Women Team which won test against England in August, 2014.

2. Sneh Rana was member of Indian Cricket Women Team which won ODI and T-20 against South Africa in November, 2014.

3. Pooja represented India in World Powerlifting Championship held at USA from 17-19 Oct, 2014. She lifterd six gold medals in this competition.

4. Kezia Vargese represented the country in Asia Cup recently held at Delhi in November, 2014 and she got One Gold and One Silver medal. Asia Cycling Cup (Senior) held at Thailand in October, 2014 and got silver medal. She also participated in Asian Games held at South Korea Oct, 2014, Commonwealth Games held at Scotland July 2014 and world Cup held at USA Nov, 2014.

5. Amarjeet Singh represented the country in Asia Cup recently held at Delhi in November, 2014 and got one silver and one bronze medal.

6. Parvati V.G. represented the country in Asia Cup recently held at Delhi in November, 2014 and she got one bronze medal.

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ।**

59. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼

ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | Navjot Kaur | A Socio-Legal Study of Child Labour in Indian Laws with Special Reference to Malwa Region in Punjab. | ਲਾਅ-<br>ਲਾਅਜ਼ ਫੈਕਲਟੀ। |
| 2. | Sukhnandan Kaur | Radiation Induced Modifications in Some Natural Phyllosilicate Minerals. | ਫਿਜ਼ਿਕਸ-<br>ਸਾਇੰਸਜ਼ ਫੈਕਲਟੀ। |
| 3. | Charanjeet Kaur | Dye Removal from Effluents with the Application of Reverse Micelles. | ਕੈਮਿਸਟਰੀ-<br>ਸਾਇੰਸਜ਼ ਫੈਕਲਟੀ। |
| 4. | Naresh Mahajan | Genetic Polymorphism and Genetic Damage in Coronary Artery Disease Patients. | ਹਿਊਮਨ ਜੈਨੇਟਿਕਸ-<br>ਲਾਈਫ ਸਾਇੰਸਜ਼ ਫੈਕਲਟੀ। |
| 5. | Mohd. Akbar Bhat | Genetic Polymorphism of Drug Metabolizing Genes and Genetic Damage in Coronary Artery Disease Patients. | - ਉਹੀ - |
| 6. | Radhika Sharma | Association of Polymorphism of Some Genes with DNA Damage among Sports Persons. | - ਉਹੀ - |
| 7. | Brinderjit Singh | Functional Characteriztion of Genes encoding Vesicle-Associated Membrane Protein-Associated Protein (TaVAP) and Eukaryotic Translation Initiation Factor 3g (TaelF3g) in Triticum aestivum L. | ਬਾਇਓ-ਟੈਕਨਾਲੋਜੀ-<br>ਲਾਈਫ ਸਾਇੰਸਜ਼ ਫੈਕਲਟੀ। |
| 8. | Gurleen Sahota | Trading Activity and Pricing Efficiency: Evidence from Indian Equity Market using High Frequency Data. | ਬਿਜ਼ਨੈਸ ਐਡਮਿਨਿਸਟ੍ਰੇਸ਼ਨ-<br>ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 9. | Shelly | Formulation and Evaluation of Nanostructured Lipid Carriers for Topical Delivery of Meloxicam. | ਫਾਰਮਾਸੀਊਟੀਕਲ ਸਾਇੰਸਜ਼-<br>ਲਾਈਫ ਸਾਇੰਸਜ਼ ਫੈਕਲਟੀ। |

**ਸਰਕਾਰੀ ਕਾਲਜ, ਅਜਨਾਲਾ ਵਿਖੇ ਵੱਖ-ਵੱਖ ਕਲਾਸਾਂ ਵਿਚ 5000/- ਰੁਪਏ ਲੇਟ ਫੀਸ ਨਾਲ ਵਿਦਿਆਰਥੀਆਂ ਦੇ ਦਾਖਲੇ ਦੀ ਪੁਸ਼ਟੀ।**

60. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਰਕਾਰੀ ਕਾਲਜ, ਅਜਨਾਲਾ ਵਿਖੇ ਸੈਸ਼ਨ 2014-15 ਦੌਰਾਨ ਹੇਠ ਲਿਖੇ ਵਿਦਿਆਰਥੀਆਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਵਿਦਿਆਰਥੀ ਦਾ ਨਾਮ | ਰੋਲ ਨੰਬਰ | ਕਲਾਸ |
|---|---|---|---|
| 1. | Rustam | 577 | B.C.A. Sem-I |

| | | | |
|---|---|---|---|
| 2. | Hardeep Singh | 578 | - do - |
| 3. | Manjot Singh | 579 | - do - |
| 4. | Jaskaran Singh | 512 | PGDCA Sem-I |
| 5. | Kulwinder Kaur | 513 | - do - |

**ਸੈਸ਼ਨ 2015-16 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਅਤੇ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਤਿੰਨ ਸਾਲਾ ਐਮ.ਬੀ.ਏ. ਕੋਰਸ ਸ਼ਾਮ ਦੀ ਸ਼ਿਫਟ ਵਿਚ ਸ਼ੁਰੂ ਕਰਨ ਦੀ ਪ੍ਰਵਾਨਗੀ।**

61. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੰਮ-ਕਾਜੀ ਉਮੀਦਵਾਰਾਂ ਲਈ ਸੈਸ਼ਨ 2015-16 ਤੋਂ 60 ਸੀਟਾਂ ਨਾਲ ਤਿੰਨ ਸਾਲਾ ਐਮ.ਬੀ.ਏ. ਕੋਰਸ ਸ਼ਾਮ ਦੀ ਸ਼ਿਫਟ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਕੋਰਸ ਵਿਚ ਦਾਖਲ ਹੋਣ ਵਾਲੇ ਵਿਦਿਆਰਥੀ ਉਹੀ ਕੋਰਸ ਕਰੈਡਿਟ ਪੜ੍ਹਣਗੇ, ਜੋ ਯੂਨੀਵਰਸਿਟੀ ਵਿਖੇ ਮੌਜੂਦਾ ਐਮ.ਬੀ.ਏ. ਕੋਰਸ ਵਿਚ ਪੜ੍ਹਣ ਵਾਲੇ ਵਿਦਿਆਰਥੀ ਪੜ੍ਹ ਰਹੇ ਹਨ।

ਇਹ ਵੀ **ਪਾਸ ਹੋਇਆ** ਕਿ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਵੀ ਉਕਤ ਅਨੁਸਾਰ ਸੈਸ਼ਨ 2015-16 ਤੋਂ 60 ਸੀਟਾਂ ਨਾਲ ਤਿੰਨ ਸਾਲਾ ਐਮ.ਬੀ.ਏ. ਕੋਰਸ ਸ਼ਾਮ ਦੀ ਸ਼ਿਫਟ ਵਿਚ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਯੂਨੀਵਰਸਿਟੀ ਦੀ 41ਵੀਂ ਸਾਲਾਨਾ ਕਾਨਵੋਕੇਸ਼ਨ 'ਤੇ ਸਨਮਾਨਾਰਥ** (Honoris Causa) **ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ।**

62. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਦੋ ਪ੍ਰਤਿਸ਼ਠ ਵਿਅਕਤੀਆਂ ਨੂੰ, ਉਨ੍ਹਾਂ ਦੀ ਉੱਘੀ ਸ਼ਖਸ਼ੀਅਤ ਅਤੇ ਪ੍ਰਾਪਤੀਆਂ ਸਦਕਾ ਯੂਨੀਵਰਸਿਟੀ ਦੀ 41ਵੀਂ ਸਾਲਾਨਾ ਕਾਨਵੋਕੇਸ਼ਨ 'ਤੇ ਹਰੇਕ ਅੱਗੇ ਦਰਸਾਏ ਅਨੁਸਾਰ, ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| | | |
|---|---|---|
| 1. | Prof. Bernhard Peter Jacob Bluemich,<br>Professor and Chair of<br>Macromolecular Chemistry,<br>RWTH Aachen University,<br>Aachen, Germany. | Doctor of Science<br>in the Faculty of<br>Sciences |
| 2. | Prof. Rattan Singh Jaggi,<br>Punjabi Sahitya Shiromani Life<br>Fellow,<br>Punjabi University, Patiala. | Doctor of Literature<br>in the Faculty of<br>Languages |

**ਸ਼੍ਰੀ ਐਚ.ਐਸ. ਰੰਧਾਵਾ, ਡਿਪਟੀ ਡਾਇਰੈਕਟਰ ਸਪੋਰਟਸ (ਰਿਟਾ.) (ਮੁੜ-ਨਿਯੁਕਤ) ਨੂੰ ਬਿਨਾਂ ਤਨਖਾਹ ਅਸਾਧਾਰਣ ਛੁੱਟੀ ਦੀ ਪੁਸ਼ਟੀ।**

63. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਐਚ.ਐਸ. ਰੰਧਾਵਾ, ਡਿਪਟੀ ਡਾਇਰੈਕਟਰ ਸਪੋਰਟਸ (ਰਿਟਾ.) (ਮੁੜ-ਨਿਯੁਕਤ) ਨੂੰ ਮਿਤੀ 29.12.2014 ਤੋਂ 23.1.2015 ਤੱਕ (26) ਦਿਨਾਂ ਦੀ ਬਿਨਾਂ ਤਨਖਾਹ ਅਸਾਧਾਰਣ ਛੁੱਟੀ ਪ੍ਰਵਾਨ ਕਰਦਿਆਂ ਕੈਲੀਫੋਰਨੀਆ, ਅਮਰੀਕਾ ਵਿਖੇ Family Function ਵਿਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਹੈ।

**ਸ਼੍ਰੀ ਰਾਜੇਸ਼ ਕੌਸ਼ਿਕ, ਸਾਈਕਲਿੰਗ ਕੋਚ, ਫਿਜ਼ੀਕਲ ਐਜੂਕੇਸ਼ਨ (ਏ.ਟੀ.) ਵਿਭਾਗ ਦੇ ਅਸਤੀਫੇ ਦੀ ਪੁਸ਼ਟੀ।**

64. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਇਸ ਯੂਨੀਵਰਸਿਟੀ ਵਿਖੇ ਰੈਗੂਲਰ ਤੌਰ 'ਤੇ ਨਿਯੁਕਤ ਸ਼੍ਰੀ ਰਾਜੇਸ਼ ਕੌਸ਼ਿਕ, ਸਾਈਕਲਿੰਗ ਕੋਚ, ਫਿਜ਼ੀਕਲ ਐਜੂਕੇਸ਼ਨ (ਏ.ਟੀ.) ਵਿਭਾਗ, ਜਿਸਨੇ ਇਕ ਮਹੀਨੇ ਦੇ 'ਨੋਟਿਸ ਪੀਰੀਅਡ' ਦੀ ਸ਼ਰਤ ਪੂਰੀ ਕੀਤੇ ਬਿਨਾਂ ਮਿਤੀ 11.8.2014 ਨੂੰ ਆਪਣੀ ਅਸਾਮੀ ਤੋਂ ਅਸਤੀਫਾ ਦਿੱਤਾ ਹੈ, ਵੱਲੋਂ ਬਣਦੀ ਇਕ ਮਹੀਨੇ ਦੀ ਤਨਖਾਹ ਜਮ੍ਹਾਂ ਕਰਾਉਣ ਕਾਰਣ ਉਸਦਾ ਮਿਤੀ 11.8.2014 ਤੋਂ ਅਸਤੀਫਾ ਪ੍ਰਵਾਨ ਕੀਤਾ ਹੈ।

**ਵਾਪਸ ਲਈ ਗਈ ਮੱਦ।**

65. ਹੇਠ ਲਿਖੀ ਮੱਦ ਵਾਪਸ ਲਈ ਗਈ:-

"ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 22.1.2014 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਕਰਨੀ ਕਿ ਡੀਨ, ਫੈਕਲਟੀ ਆਫ ਆਰਟਸ ਐਂਡ ਸੋਸ਼ਲ ਸਾਇੰਸਜ਼ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2014-15 ਤੋਂ Post Graduate Equivalence Bridge Course in Psychology ਅਤੇ Post Graduate Equivalence Bridge Course in Sociology ਦੇ ਅਧਿਆਦੇਸ਼ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੇ ਜਾਣ"।

**ਡਾ. ਰਜਨੀਸ਼ ਅਰੋੜਾ, ਡਾਇਰੈਕਟਰ ਪਲੇਸਮੈਂਟ ਯੂਨਿਟ (ਉਪ-ਕੁਲਪਤੀ, ਪੰਜਾਬ ਟੈਕਨੀਕਲ ਯੂਨੀਵਰਸਿਟੀ) ਦੀ ਬਿਨਾਂ ਤਨਖਾਹ ਅਸਾਧਾਰਣ ਛੁੱਟੀ ਦੀ ਪ੍ਰਵਾਨਗੀ।**

66. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਰਜਨੀਸ਼ ਅਰੋੜਾ, ਡਾਇਰੈਕਟਰ ਪਲੇਸਮੈਂਟ ਯੂਨਿਟ, ਜੋ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਮਿਤੀ 22.12.2014 ਤੱਕ ਡੈਪੂਟੇਸ਼ਨ 'ਤੇ ਉਪ-ਕੁਲਪਤੀ ਵਜੋਂ ਨਿਯੁਕਤ ਹਨ, ਦੀ ਮਿਤੀ 23.12.2014 ਤੋਂ 28.2.2015 ਤੱਕ ਬਿਨਾਂ ਤਨਖਾਹ ਅਸਾਧਾਰਣ ਛੁੱਟੀ (EOL) ਪ੍ਰਵਾਨ ਕੀਤੀ ਜਾਂਦੀ ਹੈ।

**ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਨੂੰ ਵੱਖ-ਵੱਖ ਦੋ ਵਿਭਾਗਾਂ ਵਿਚ ਵੰਡਣ ਦੀ ਪ੍ਰਵਾਨਗੀ।**

67. (ੳ) ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 22.1.2014 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼'ਤੇ ਵਿਚਾਰ ਹੋਈ ਕਿ -

(ੳ) ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਨੂੰ ਹੇਠ ਲਿਖੇ ਅਨੁਸਾਰ ਦੋ ਵੱਖ-ਵੱਖ ਵਿਭਾਗਾਂ ਵਿਚ ਵੰਡਿਆ ਜਾਵੇ:-

1. ਕੰਪਿਊਟਰ ਇੰਜੀਨੀਅਰਿੰਗ ਤੇ ਟੈਕਨਾਲੋਜੀ
2. ਕੰਪਿਊਟਰ ਸਾਇੰਸ

(ਅ) ਉਕਤ ਕ੍ਰਮ ਨੰ: 1 ਉੱਤੇ ਕੰਪਿਊਟਰ ਇੰਜੀਨੀਅਰਿੰਗ ਤੇ ਟੈਕਨਾਲੋਜੀ ਵਿਭਾਗ B.Tech., M.Tech. ਅਤੇ Ph.D. ਪ੍ਰੋਗਰਾਮ ਨਾਲ ਸਬੰਧਤ ਅਤੇ ਕ੍ਰਮ ਨੰ: 2 ਉੱਤੇ ਕੰਪਿਊਟਰ ਸਾਇੰਸ ਵਿਭਾਗ BCA, MCA ਅਤੇ Ph.D. ਪ੍ਰੋਗਰਾਮ ਨਾਲ ਸਬੰਧਤ ਹੋਵੇਗਾ।

ਹੇਠ ਲਿਖੇ ਨੋਟ ‘ਤੇ ਵੀ ਵਿਚਾਰ ਹੋਈ:-

**ਨੋਟ:-** ਕੰਪਿਊਟਰ ਇੰਜੀਨੀਅਰਿੰਗ ਤੇ ਟੈਕਨਾਲੋਜੀ ਵਿਭਾਗ Hardware ਦੇ ਪੱਖ ਤੋਂ ਟੈਕਨਾਲੋਜੀ ਤੇ Software ਅਤੇ ਕੰਪਿਊਟਰ ਸਾਇੰਸ ਵਿਭਾਗ Software Development ‘ਤੇ Focus ਹੋਵੇਗਾ। ਇਸ ਖੇਤਰ ਵਿਚ ਵੱਧਦੇ ਆਕਾਰ ਨੂੰ ਮੁੱਖ ਰੱਖਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਤਰ੍ਹਾਂ ਕਈ ਹੋਰ ਯੂਨੀਵਰਸਿਟੀਆਂ ਵੱਲੋਂ ਪਹਿਲਾਂ ਹੀ ਦੋ ਵਿਭਾਗਾਂ ਵਿਚ ਵੰਡ ਕੀਤੀ ਜਾ ਚੁੱਕੀ ਹੈ।

**ਪਾਸ ਹੋਇਆ** ਕਿ-

(ੳ) ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਨੂੰ ਹੇਠ ਲਿਖੇ ਅਨੁਸਾਰ ਮਿਤੀ 1.4.2015 ਤੋਂ ਦੋ ਵੱਖ-ਵੱਖ ਵਿਭਾਗਾਂ ਵਿਚ ਵੰਡਿਆ ਜਾਂਦਾ ਹੈ:-

1. ਕੰਪਿਊਟਰ ਇੰਜੀਨੀਅਰਿੰਗ ਤੇ ਟੈਕਨਾਲੋਜੀ
2. ਕੰਪਿਊਟਰ ਸਾਇੰਸ

(ਅ) ਉਕਤ ਕ੍ਰਮ ਨੰ: 1 ਉੱਤੇ ਕੰਪਿਊਟਰ ਇੰਜੀਨੀਅਰਿੰਗ ਤੇ ਟੈਕਨਾਲੋਜੀ ਵਿਭਾਗ B.Tech., M.Tech. ਅਤੇ Ph.D. ਪ੍ਰੋਗਰਾਮ ਨਾਲ ਸਬੰਧਤ ਅਤੇ ਕ੍ਰਮ ਨੰ: 2 ਉੱਤੇ ਕੰਪਿਊਟਰ ਸਾਇੰਸ ਵਿਭਾਗ BCA, MCA ਅਤੇ Ph.D. ਪ੍ਰੋਗਰਾਮ ਨਾਲ ਸਬੰਧਤ ਹੋਵੇਗਾ।

**ਸ਼੍ਰੀ ਅੰਮ੍ਰਿਤਪਾਲ, ਐਡਵੋਕੇਟ ਦੀ ਯੂਨੀਵਰਸਿਟੀ ਲੀਗਲ ਰੀਟੇਨਰ ਵਜੋਂ 12,000/- ਰੁਪਏ ਪ੍ਰਤੀ ਮਹੀਨਾ (ਬੱਝਵਾਂ) ਨਿਰਧਾਰਤ ਕਰਦਿਆਂ ਨਿਯੁਕਤੀ ਦੀ ਮਿਆਦ ਵਿਚ ਇਕ ਸਾਲ ਦੇ ਵਾਧਾ ਅਤੇ ਪ੍ਰੋਫੈਸ਼ਨਲ ਫੀਸ ਵਿਚ ਵਾਧਾ।**

68. (ੳ) ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਅੰਮ੍ਰਿਤਪਾਲ, ਐਡਵੋਕੇਟ ਦੀ ਯੂਨੀਵਰਸਿਟੀ ਲੀਗਲ ਰੀਟੇਨਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਮਿਤੀ 1.2.2015 ਤੋਂ 31.1.2016 ਤੱਕ ਇਕ ਸਾਲ ਲਈ, 12,000/- ਰੁਪਏ ਪ੍ਰਤੀ ਮਹੀਨਾ (ਬੱਝਵਾਂ) ਨਿਰਧਾਰਤ ਕਰਦਿਆਂ, ਵਾਧਾ ਕੀਤਾ ਜਾਂਦਾ ਹੈ।

(ਅ) ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਹਾਈਕੋਰਟ ਕੌਂਸਲ ਨੂੰ ਪ੍ਰਤੀ ਕੇਸ ਦਿੱਤੀ ਜਾਣ ਵਾਲੀ ਪ੍ਰੋਫੈਸ਼ਨਲ ਫੀਸ 11,000/- ਰੁਪਏ ਤੋਂ ਵਧਾ ਕੇ 15,000/- ਰੁਪਏ ਪ੍ਰਤੀ ਕੇਸ ਕੀਤੀ ਹੈ।

**ਸ਼੍ਰੀ ਰਜ਼ਤ ਜੋਸ਼ੀ, ਐਡਵੋਕੇਟ ਦੀ 8,000/- ਰੁਪਏ ਪ੍ਰਤੀ ਮਹੀਨਾ ਬੱਝਵੇਂ ਮਾਣ-ਭੱਤੇ ‘ਤੇ ਇਕ ਸਾਲ ਲਈ ਨਿਯੁਕਤੀ।**

69. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਵਿਖੇ ESI ਸਕੀਮ ਲਾਗੂ ਹੋਣ ਕਾਰਣ ਇਸ ਨਾਲ ਸਬੰਧਤ ਕੰਮ ਅਤੇ ਕੇਸਾਂ ਦਾ ਨਿਪਟਾਰਾ ਕਰਨ ਹਿਤ ਸ਼੍ਰੀ ਰਜ਼ਤ ਜੋਸ਼ੀ, ਐਡਵੋਕੇਟ ਨੂੰ 8,000/- ਰੁਪਏ ਪ੍ਰਤੀ ਮਹੀਨਾ ਬੱਝਵੇਂ ਮਾਣ-ਭੱਤੇ ‘ਤੇ ਇਕ ਸਾਲ ਲਈ ਨਿਯੁਕਤ ਕੀਤਾ ਜਾਂਦਾ ਹੈ।

**1. To consider and ratify orders dated 24-4-2014 of the Vice Chancellor in attaching /withholding the gratuity of Sh.Amarjit Singh Sidhu, Supdtt. (Retd.) in possible compliance of order dated 16-7-2012 of the Ld. Trial Court for withholding his salary which was passed in the case of bouncing of his cheque of Rs. 1 Lac issued by him to one Sh. Sarabjit Singh towards payment of his debt.**

70. 1. To consider and ratify orders dated 24-4-2014 ( **Appendix-I**) of the Vice Chancellor in attaching /withholding the whole of the due gratuity of Sh.Amarjit Singh Sidhu, Superintendent (Retd.) of this University, in a possible compliance of the warrants dated 15-9-12 (**Appendix-II**) of the Hon'ble Court of JMIC, Amritsar, issued vide its order dated 16-7-2012(**Appendix-III**) to attach his salary ( issued when he was in service ) for being proclaimed offender and not appearing in his court as an accused in the case of his bounced cheque of Rs. 1 Lac filed against him by a private complainant, Sh. Sarabjit Singh, in which notice dated 29.7.2014(**Appendix-IV**) of initiating criminal proceedings against the V.C. and the Registrar have been issued by that Ld. Trial Court for not attaching his salary as per its warrants dated 15-9-12 and order dated 16-7-2012 while he was in service, which order / warrant had got disappeared from the University records, and was obtained only after receiving the said notice dated 29.7.2014 (**Appendix-IV**) of that Ld. Trial Court.

**2. Further to consider the preliminary enquiry report dated 28-5-2014 of Prof. Kuldeep Singh into the matter of not attaching salary of Sh.Amarjit Singh Sidhu while in service despite the said order dated 16-7-2012 of the Ld. Trial Court.**

2. Further to consider the preliminary enquiry report dated 28-5-2014 (**Appendix-V**) of Prof. Kuldeep Singh into the matter of not attaching salary of Sh.Amarjit Singh Sidhu by the Accounts Branch despite the said warrant dated 15-9-12 of its attachment issued vide its order dated 16-7-2012 by the Ld. Trial Court of JMIC, Amritsar, and the disappearance of the said order / warrant of the Ld. Trial Court from the University records while he was in service till his retirement.

**3. Further to consider to initiate disciplinary proceedings against Sh. Amarjit Singh Sidhu, Superintendent (Retd) for misconduct of contracting the debt qua his aforesaid bounced cheque of Rs. 1 Lac and not reporting about it to the University.**

3. Further to consider to initiate disciplinary proceedings against Sh. Amarjit Singh Sidhu, Superintendent (Retd.), under the relevant provisions of University Statutes / Regulations read with relevant provisions of Pb. Civil Services Rules to be made applicable to him through Statute 10 of University Pension Scheme and Statute 96 given in the GNDU Calendar (2007), Vol.-I, page 83, towards imposing cuts in his pension and gratuity for misconduct under Regulation 9 r/w other regulations given in GNDU Calendar (2007), Vol.-IV, pages 222-232, for contracting the debt while in service qua his aforesaid bounced cheque of Rs. 1 Lac and not reporting about it to the University during his service.

**4. Further to consider applying to the Ld. Trial Court in the pending criminal proceedings initiated by it against the V.C. & Registrar in the aforesaid cheque bounce case against him, for allowing the**

4. Further to consider to apply to the said Ld. Trial Court in the pending criminal proceedings initiated by it vide said notice dated 29.7.2014 (**Appendix-IV**) against the Vice-Chancellor & the Registrar in the aforesaid pending cheque bounce case against Sh. Amarjit Singh Sidhu, for allowing the University instead to attach whole of his due service gratuity (D.C.R.G.) in lieu of his salary which cannot now be attached as he has since retired on 31-3-2014.

**University instead to attach whole of service gratuity of Sh. Amarjit Singh Sidhu in lieu of his salary.**

1. Considered and ratified the orders dated 24-4-2014 ( Appendix-I ) of the Vice Chancellor in attaching / withholding the whole of the due gratuity of Sh.Amarjit Singh Sidhu, Superintendent (Retd.) of this University, in a possible compliance of the warrants dated 15-9-12 ( Appendix-II) of the Hon'ble Court of JMIC, Amritsar, issued vide its order dated 16-7-2012 (Appendix-III) to attach his salary ( issued when he was in service ) for being proclaimed offender and not appearing in his court as an accused in the case of his bounced cheque of Rs. 1 Lac filed against him by a private complainant, Sh. Sarabjit Singh, in which notice dated 29.7.2014(Appendix-IV)) of initiating criminal proceedings against the Vice Chancellor and the Registrar have been issued by that Ld. Trial Court for not attaching his salary as per its warrants dated 15-9-12 and order dated 16-7-2012 while he was in service, which order / warrant had got disappeared from the University records, and was obtained only after receiving the said notice dated 29.7.2014 ( Appendix- IV ) of that Ld. Trial Court.

2. Further, considered the preliminary enquiry report dated 28-5-2014 ( Appendix-V) of Prof. Kuldeep Singh into the matter of not attaching salary of Sh.Amarjit Singh Sidhu by the Accounts Branch despite the said warrant dated 15-9-12 of its attachment issued vide its order dated 16-7-2012 by the Ld. Trial Court of JMIC, Amritsar, and the disappearance of the said order / warrant of the Ld. Trial Court from the University records while he was in service till his retirement. After discussion it was **RESOLVED**:-

(i) To take action on the concluding observations in the said enquiry report dated 28-5-2014 and accordingly to initiate disciplinary proceedings against Sh. Rajinder Singh Ghai, Sr. Assistant, Sh. Daljit Singh, Supdtt.( now Assistant Registrar), and Sh. Amarjit Singh Chugh, Assistant Registrar ( Retd.), by issuing separate charge sheets to Sh. Rajinder Singh Ghai, Sr. Assistant, and Sh. Daljit Singh, Assistant Registrar, for major penalty under the relevant provisions of the University Statutes & Regulations; and to Sh. Amarjit Singh Chugh, Assistant Registrar ( Retd.), for imposing cuts in his pension and gratuity after retirement under the relevant provisions of the University Statutes & Regulations read with relevant provisions of Pb. Civil Services Rules which are hereby made applicable to him through Statute 10 of the University Pension Scheme and Statute 96 given in the GNDU Calendar (2007), Vol.-I, page 83; and

(ii) To authorise the Vice Chancellor to initiate the said disciplinary proceedings against all the three of them by issuing them separate charge sheets, and to take all urgent necessary consequential action, and to place their replies to the charge sheets before the Syndicate for further action.

3. Further **RESOLVED** to initiate disciplinary proceedings against Sh. Amarjit Singh Sidhu, Superintendent (Retd.), under the relevant

provisions of University Statutes / Regulations read with relevant provisions of Pb. Civil Services Rules which are hereby made applicable to him through Statute 10 of University Pension Scheme and Statute 96 given in the GNDU Calendar (2007), Vol.-I, page 83, towards imposing cuts in his pension and gratuity for misconduct under Regulation 9 r/w other regulations given in GNDU Calendar (2007), Vol.-IV, pages 222-232, for contracting the debt while in service qua his aforesaid bounced cheque of Rs. 1 Lac, and not reporting about it to the University during his service, which came to notice of the University on receipt of the warrants dated 15-9-2012 of the Hon'ble Court of JMIC, Amritsar, issued vide its order dated 16-7-2012 for attaching his salary r/w its notice dated 29-7-2014 initiating criminal proceedings for not attaching his salary in the said cheque bounce case against him.

4. Further, **RESOLVED** to immediately apply to the said Ld. Trial Court of JMIC, Amritsar, in the pending criminal proceedings initiated by it vide said notice dated 29-7-2014 ( Appendix- IV ) against the Vice Chancellor & the Registrar in the aforesaid pending cheque bounce case against Sh. Amarjit Singh Sidhu, Superintendent (Retd.), **that** Ld. Trial Court may permit the University to instead attach whole of his due service gratuity (D.C.R.G.) in lieu of his salary which could not be attached while he was in service as per findings recorded in the preliminary enquiry report dated 28-5-2014 ( Appendix-V ) and which cannot now be attached as he has since retired on 31-3-2014, by pointing to the Ld. Trial Court that his entire gratuity had to be attached vide order dated 24-4-2014 (Appendix-I) in compliance of its order dated 16-7-2012 ( Appendix-III ) & warrant dated 15-9-2012 ( Appendix-II ).

**ਅਧਿਆਪਕਾਂ ਅਤੇ ਸਕਿਓਰਿਟੀ ਅਫਸਰ ਦੀ ਸਿੱਧੀ ਭਰਤੀ ਲਈ ਵੱਖ-ਵੱਖ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

71. ਹੇਠਾਂ ਦਰਸਾਏ ਅਨੁਸਾਰ ਸਿੱਧੀ ਭਰਤੀ ਰਾਹੀਂ ਅਧਿਆਪਕਾਂ ਅਤੇ ਸਕਿਓਰਿਟੀ ਅਫਸਰ ਦੀ ਅਸਾਮੀ ਲਈ ਵੱਖ-ਵੱਖ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ:-

**<u>Open Selection</u>**

1. Associate Professor, Education
2. Assistant Professor, Education
3. Assistant Professor, Civil Engineering
4. Assistant Professor, Mechanical Engineering
5. Security Officer

**ਪਾਸ ਹੋਇਆ** ਕਿ ਹੇਠਾਂ ਦਰਸਾਏ ਅਨੁਸਾਰ ਸਿੱਧੀ ਭਰਤੀ ਰਾਹੀਂ ਅਧਿਆਪਕਾਂ ਅਤੇ ਸਕਿਓਰਿਟੀ ਅਫਸਰ ਦੀ ਅਸਾਮੀ ਲਈ ਵੱਖ-ਵੱਖ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਹੇਠ ਲਿਖੇ ਵਿਅਕਤੀਆਂ ਦੀ ਨਿਯੁਕਤੀ ਕੀਤੀ ਜਾਂਦੀ ਹੈ:-

1. **<u>Assistant Professor, Education</u>**

Dr. Gagandeep Kaur D/o Sh. Bhagwan Singh

**2. Assistant Professor, Civil Engineering, RC, Sathiala**

Sh. Maninder Pal Singh S/o Dr. Mohinder Singh

3. **Assistant Professor, Mechanical Engineering, RC, Sathiala**

Sh. Sukhjeet Singh S/o Sh. Parkash Singh

4. **Security Officer**

Sh. Sukhdev Singh S/o Sh. Dharam Singh

ਇਹ **ਨੋਟ ਕੀਤਾ** ਕਿ ਚੋਣ ਕਮੇਟੀ ਵੱਲੋਂ ਐਸੋਸੀਏਟ ਪ੍ਰੋਫੈਸਰ, ਐਜੂਕੇਸ਼ਨ ਦੀ ਅਸਾਮੀ ਲਈ ਕੋਈ ਵੀ ਉਮੀਦਵਾਰ ਯੋਗ ਨਹੀਂ ਪਾਇਆ ਗਿਆ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਸ਼ਰਨਜੀਤ ਸਿੰਘ ਢਿੱਲੋਂ)
ਰਜਿਸਟਰਾਰ

<u>ਪੱਕੀ ਕੀਤੀ ਗਈ</u>

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ